HIGH STANDARD NEWS

# ਹਾਈ ਸਟੈਂਡਰਡ ਨਿਊਜ਼

HIGHSTANDARDNEWS

Date 9.08.2024

www.hsnnews.in | PUNPUN/2024/86289 | President:-Shailzadwivedi | Email:info@hsnnews.in

Vol.11 | Augeust- 2024 | Published in Punjab | Pages 8

## ਵਾਇਨਾਡ ਦੇ ਹਾਲਾਤ ਦੇਖ ਕੇ ਪਰੇਸ਼ਾਨ 'ਸੁਕੇਸ਼ ਚੰਦਰਸ਼ੇਖਰ' ਨੇ 15 ਕਰੋੜ ਰੁਪਏ ਤੇ 300 ਘਰ ਬਣਾਉਣ ਦਾ ਕੀਤਾ ਐਲਾਨ



ਜੇਲ੍ਹ 'ਚ ਬੰਦ ਕਥਿਤ ਠੱਗ ਸੁਕੇਸ਼ ਚੰਦਰਸ਼ੇਖਰ ਨੇ ਵਾਇਨਾਡ (ਵਾਇਨਾਡ ਲੈਂਡਸਲਾਈਡ) 'ਚ ਹਾਲ ਹੀ 'ਚ ਹੋਏ ਹਾਦਸੇ ਬਾਰੇ ਸੁਣ ਕੇ ਦੁੱਖ ਪ੍ਰਗਟ ਕੀਤਾ ਹੈ। ਦੱਸ ਦੇਈਏ ਕਿ ਹਾਲ ਹੀ 'ਚ ਵਾਇਨਾਡ 'ਚ ਭਾਰੀ ਮੀਂਹ ਕਾਰਨ ਜ਼ਮੀਨ ਖਿਸਕ ਗਈ ਸੀ, ਜਿਸ ਕਾਰਨ ਚਾਰੇ ਪਾਸੇ ਤਬਾਹੀ ਦਾ ਨਜ਼ਾਰਾ ਦੇਖਣ ਨੂੰ ਮਿਲ ਰਿਹਾ ਹੈ। ਕਿੰਨੇ ਲੋਕ ਜ਼ਖਮੀ ਹੋਏ ਅਤੇ ਕਿੰਨੇ ਘਰ ਤਬਾਹ ਹੋਏ ਇਸ ਦੇ ਅੰਕੜੇ ਅਜੇ ਉਪਲਬਧ ਨਹੀਂ ਹਨ। ਮਰਨ ਵਾਲਿਆਂ ਦੀ ਗਿਣਤੀ 300 ਤੋਂ ਵੱਧ ਹੋ ਰਹੀ ਹੈ। ਇਸ ਹਾਦਸੇ ਨੇ ਲੋਕਾਂ ਦੇ ਦਿਲਾਂ ਨੂੰ ਝੰਜੋੜ ਕੇ ਰੱਖ ਦਿੱਤਾ ਹੈ। ਤੁਹਾਨੂੰ ਦੱਸ ਦੇਈਏ ਕਿ ਵਾਇਨਾਡ 'ਚ ਸਥਿਤੀ ਅਜੇ ਵੀ ਕਾਬੂ 'ਚ ਨਹੀਂ ਹੈ। ਉੱਥੇ ਬਚਾਅ ਕਾਰਜ ਅਜੇ ਵੀ ਜਾਰੀ ਹੈ।ਤੁਹਾਨੂੰ ਦੱਸ ਦੇਈਏ ਕਿ ਵਾਇਨਾਡ ਦੀ ਇਸ ਸਥਿਤੀ ਨੂੰ ਦੇਖਦੇ ਹੋਏ 13 ਸਾਲ ਦੀ ਬੱਚੀ ਹਰੀਨੀ ਸ਼੍ਰੀ ਨੇ ਲੋਕਾਂ ਦੀ ਮਦਦ ਲਈ ਪੈਸੇ ਇਕੱਠੇ ਕੀਤੇ ਹਨ। ਕੱਲ੍ਹ ਲੜਕੀ ਨੇ ਆਪਣੀ ਬਚਤ ਸਮੇਤ 15,000 ਰੁਪਏ ਮੁੱਖ ਮੰਤਰੀ ਆਫ਼ਤ ਰਾਹਤ ਫੰਡ 'ਚ ਦਾਨ ਕੀਤੇ।ਇਸ ਗੰਭੀਰ ਸਥਿਤੀ ਨੂੰ ਦੇਖਦੇ ਹੋਏ ਹੁਣ ਸੁਕੇਸ਼ ਚੰਦਰਸ਼ੇਖਰ ਨੇ ਵੀ ਮਦਦ ਦਾ ਹੱਥ ਵਧਾਇਆ ਹੈ। ਸੁਕੇਸ਼ ਚੰਦਰਸ਼ੇਖਰ ਨੇ ਕੇਰਲ ਦੇ ਮੁੱਖ ਮੰਤਰੀ ਪਿਨਾਰਾਈ ਵਿਜਯਨ ਨੂੰ ਪੱਤਰ ਲਿਖਿਆ ਹੈ। ਜਿਸ 'ਚ ਉਹ ਮੁੱਖ ਮੰਤਰੀ ਆਫ਼ਤ ਰਾਹਤ ਫੰਡ 'ਚ 15 ਕਰੋੜ ਰੁਪਏ ਦਾ ਯੋਗਦਾਨ ਸਵੀਕਾਰ ਕਰਨ ਦੀ ਬੇਨਤੀ ਕਰਦਾ ਹੈ।ਸੁਕੇਸ਼ ਚੰਦਰਸ਼ੇਖਰ ਆਪਣੇ ਪੱਤਰ 'ਚ ਲਿਖਦੇ ਹਨ - 'ਮੈਂ ਮੁੱਖ ਮੰਤਰੀ ਆਫ਼ਤ ਰਾਹਤ ਫੰਡ ਲਈ 15 ਕਰੋੜ ਰੁਪਏ ਦਾ ਯੋਗਦਾਨ ਸਵੀਕਾਰ ਕਰਨ ਦੀ ਬੇਨਤੀ ਕਰਦਾ ਹਾਂ ਅਤੇ 300 ਘਰਾਂ ਦੇ ਤੁਰੰਤ ਨਿਰਮਾਣ ਲਈ ਆਪਣਾ ਸਹਿਯੋਗ ਦੇਣ ਦਾ ਵਾਅਦਾ ਕਰਦਾ ਹਾਂ।ਸੁਕੇਸ਼ ਚੰਦਰਸ਼ੇਖਰ ਅੱਗੇ ਕਹਿੰਦੇ ਹਨ ਕਿ 'ਇਹ ਸਾਰਾ ਯੋਗਦਾਨ ਜਾਇਜ਼ ਕਾਰੋਬਾਰੀ ਖਾਤਿਆਂ ਤੋਂ ਕੀਤਾ ਜਾਵੇਗਾ।' ਉਸ ਨੇ ਰਾਜ ਸਰਕਾਰ ਨੂੰ ਬੇਨਤੀ ਕੀਤੀ ਹੈ ਕਿ ਉਹ ਇਸ ਪ੍ਰਸਤਾਵ ਨੂੰ ਸਵੀਕਾਰ ਕਰੇ ਅਤੇ ਇਸ ਦੀ ਵਰਤੋਂ ਜ਼ਮੀਨ ਖਿਸਕਣ ਦੇ ਦੁਖਾਂਤ ਤੋਂ ਪ੍ਰਭਾਵਿਤ ਲੋਕਾਂ ਦੀ ਭਲਾਈ ਅਤੇ ਮੁੜ ਵਸੇਬੇ ਲਈ ਕਰੇ। ਦੱਸ ਦੇਈਏ ਕਿ ਸੁਕੇਸ਼ ਚੰਦਰਸ਼ੇਖਰ ਇਸ ਸਮੇਂ ਨਵੀਂ ਦਿੱਲੀ ਦੀ ਮੰਡੋਲੀ ਜੇਲ੍ਹ 'ਚ ਬੰਦ ਹਨ।

## ਮੁਹੰਮਦ ਯੂਨੁਸ ਦੇ ਸਹੁੰ ਚੁੱਕ ਸਮਾਰੋਹ 'ਚ ਸ਼ਾਮਲ ਹੋਏ ਭਾਰਤੀ ਹਾਈ ਕਮਿਸ਼ਨਰ

ਬੰਗਲਾਦੇਸ਼ ਦੀ ਰਾਜਧਾਨੀ ਢਾਕਾ 'ਚ ਭਾਰਤੀ ਹਾਈ ਕਮਿਸ਼ਨਰ ਪ੍ਰਣਯ ਸ਼ਰਮਾ ਦੇਸ਼ ਦੀ ਅੰਤਰਿਮ ਸਰਕਾਰ ਦੇ ਮੁਖੀ ਵਜੋਂ ਮੁਹੰਮਦ ਯੂਨੁਸ ਦੇ ਸਹੁੰ ਚੁੱਕ ਸਮਾਰੋਹ 'ਚ ਸ਼ਾਮਲ ਹੋਏ। ਰਾਸ਼ਟਰਪਤੀ ਮੁਹੰਮਦ ਸ਼ਹਾਬੁਦੀਨ ਨੇ ਨੋਬੇਲ ਪੁਰਸਕਾਰ ਨਾਲ ਸਨਮਾਨਤ ਅਰਥਸ਼ਾਸਤਰੀ ਯੂਨੁਸ (84) ਨੂੰ ਰਾਸ਼ਟਰਪਤੀ ਭਵਨ 'ਬੰਗਭਵਨ' 'ਚ ਆਯੋਜਿਤ ਇਕ ਸਮਾਰੋਹ 'ਚ ਬੰਗਲਾਦੇਸ਼ ਦੀ ਅੰਤਰਿਮ ਸਰਕਾਰ ਦੇ ਮੁਖੀ ਵਜੋਂ ਵੀਰਵਾਰ ਨੂੰ ਸਹੁੰ ਚੁਕਾਈ। ਵਿਦੇਸ਼ ਮੰਤਰਾਲਾ ਦੇ ਪ੍ਰਚਾਰ ਵਿਭਾਗ ਦੇ ਅਧਿਕਾਰੀਆਂ ਨੇ ਦੱਸਿਆ ਕਿ ਭਾਰਤੀ ਹਾਈ ਕਮਿਸ਼ਨਰ ਬੰਗਲਾਦੇਸ਼ ਦੀ ਅੰਤਰਿਮ ਸਰਕਾਰ ਦੇ ਸਹੁੰ ਚੁੱਕ ਸਮਾਰੋਹ 'ਚ ਸ਼ਾਮਲ ਹੋਏ। ਯੂਨੁਸ ਨੇ ਅਜਿਹੇ ਸਮੇਂ ਅੰਤਰਿਮ ਸਰਕਾਰ ਦੇ ਮੁਖੀ ਵਜੋਂ ਸਹੁੰ ਚੁੱਕੀ ਹੈ, ਜਦੋਂ ਬੰਗਲਾਦੇਸ਼ 'ਚ ਵਿਦਿਆਰਥੀਆਂ ਦੇ ਸਰਕਾਰ ਵਿਰੋਧੀ ਪ੍ਰਦਰਸ਼ਨਾਂ ਕਾਰਨ ਤਿੰਨ ਦਿਨ ਪਹਿਲੇ ਸ਼ੇਖ ਹਸੀਨਾ ਨੇ ਪ੍ਰਧਾਨ ਮੰਤਰੀ ਅਹੁਦੇ ਤੋਂ ਅਸਤੀਫ਼ਾ ਦੇ ਦਿੱਤਾ ਸੀ ਅਤੇ ਦੇਸ਼ ਛੱਡ ਕੇ ਚਲੀ ਗਈ ਸੀ। ਯੂਨੁਸ ਦੀ ਮਦਦ ਲਈ 16 ਮੈਂਬਰੀ ਸਲਾਹਕਾਰ ਪ੍ਰੀਸ਼ਦ ਦਾ ਐਲਾਨ ਕੀਤਾ ਗਿਆ। ਵਿਦਿਆਰਥੀ ਅੰਦੋਲਨ ਦੇ 2 ਮੁੱਖ ਆਯੋਜਕ ਮੁਹੰਮਦ ਨਾਹਿਦ ਇਸਲਾਮ ਅਤੇ ਆਸਿਫ਼ ਮਹਿਮੂਦ ਵੀ ਸਲਾਹਕਾਰ ਪ੍ਰੀਸ਼ਦ ਦਾ ਹਿੱਸਾ ਹਨ।



## ਚੱਲਦੀ ਕਾਰ ਦੀ ਛੱਤ ਤੇ ਬੈਠ ਕੇ ਬਣਾ ਰਿਹਾ ਸੀ ਰੀਲ, ਪੁਲਸ ਨੇ ਲਗਾ ਦਿੱਤਾ ਜੁਰਮਾਨਾ



ਨੋਇਡਾ 'ਚ ਕਾਰ ਦੀ ਛੱਤ 'ਤੇ ਬੈਠ ਕੇ 'ਰੀਲ' ਬਣਾਉਣ ਦੇ ਮਾਮਲੇ 'ਚ ਆਵਾਜਾਈ ਪੁਲਸ ਨੇ ਵਾਹਨ ਮਾਲਕ 'ਤੇ 28,500 ਰੁਪਏ ਜੁਰਮਾਨਾ ਲਗਾਇਆ ਹੈ। ਪੁਲਸ ਨੇ ਸ਼ੁੱਕਰਵਾਰ ਨੂੰ ਇਹ ਜਾਣਕਾਰੀ ਦਿੱਤੀ। ਵੀਰਵਾਰ ਨੂੰ ਵਾਇਰਲ ਹੋਏ 12 ਸਕਿੰਟ ਦੇ ਵੀਡੀਓ 'ਚ ਸਫੈਦ ਕਮੀਜ਼ ਪਹਿਨੇ ਇਕ ਨੌਜਵਾਨ ਕਦੇ ਚੱਲਦੀ ਕਾਰ ਦੀ ਛੱਤ 'ਤੇ ਤਾਂ ਕਦੇ ਬੋਨਟ 'ਤੇ ਬੈਠਾ ਦਿੱਸ ਰਿਹਾ ਹੈ। ਇਸ ਵੀਡੀਓ ਨੂੰ ਲੈ ਕੇ ਸੋਸ਼ਲ ਮੀਡੀਆ ਮੰਚ 'ਐਕਸ' 'ਤੇ ਲੋਕਾਂ ਨੇ ਕਾਰਵਾਈ ਦੀ ਮੰਗ ਦੇ ਨਾਲ ਪੁਲਸ ਦੀ ਆਲੋਚਨਾ ਕੀਤੀ। ਪੁਲਸ ਡਿਪਟੀ ਕਮਿਸ਼ਨਰ ਗੌਤਮਬੁੱਧ ਨਗਰ ਯਮੁਨਾ ਪ੍ਰਸਾਦ ਨੇ ਦੱਸਿਆ ਕਿ ਵਾਹਨ ਦੇ ਰਜਿਸਟਰੇਸ਼ਨ ਨੰਬਰ ਦੇ ਆਧਾਰ 'ਤੇ ਉਸ ਦੇ ਮਾਲਕ ਦੇ ਨਾਂ 'ਤੇ 28,500 ਰੁਪਏ ਦਾ ਈ-ਚਲਾਨ ਜਾਰੀ ਕੀਤਾ ਗਿਆ ਹੈ।

## ਅਮਰਨਾਥ ਯਾਤਰਾ ਲਈ ਸ਼ਰਧਾਲੂਆਂ ਦਾ ਇੱਕ ਹੋਰ ਜਥਾ ਹੋਇਆ ਰਵਾਨਾ



ਦੱਖਣੀ ਕਸ਼ਮੀਰ ਹਿਮਾਲਿਆ ਵਿਚ ਸਥਿਤ ਅਮਰਨਾਥ ਗੁਫਾ ਮੰਦਰ ਵਿਚ ਬਾਬਾ ਬਰਫਾਨੀ ਦੇ ਦਰਸ਼ਨਾਂ ਲਈ ਸ਼ੁੱਕਰਵਾਰ ਨੂੰ 390 ਤੋਂ ਵੱਧ ਸ਼ਰਧਾਲੂਆਂ ਦਾ ਨਵਾਂ ਜੱਥਾ ਰਵਾਨਾ ਹੋਇਆ। ਅਧਿਕਾਰੀਆਂ ਨੇ ਇਹ ਜਾਣਕਾਰੀ ਦਿੱਤੀ। ਉਨ੍ਹਾਂ ਕਿਹਾ ਕਿ 398 ਸ਼ਰਧਾਲੂਆਂ ਦਾ 42ਵਾਂ ਜੱਥਾ ਕੇਂਦਰੀ ਰਿਜ਼ਰਵ ਪੁਲਸ ਬਲ (ਸੀਆਰਪੀਐੱਫ) ਅਤੇ ਪੁਲਸ ਦੀ ਸਖ਼ਤ ਸੁਰੱਖਿਆ ਵਿਚਕਾਰ 14 ਵਾਹਨਾਂ ਦੇ ਕਾਫ਼ਲੇ ਵਿੱਚ ਭਗਵਤੀ ਨਗਰ ਬੇਸ ਕੈਂਪ ਤੋਂ ਸਵੇਰੇ 3.26 ਵਜੇ ਰਵਾਨਾ ਹੋਇਆ। ਇਨ੍ਹਾਂ ਸਾਰੇ ਸ਼ਰਧਾਲੂਆਂ ਨੇ ਗੰਦਰਬਲ ਦਾ ਔਖਾ 14 ਕਿਲੋਮੀਟਰ ਬਾਲਟਾਲ ਰਸਤਾ ਚੁਣਿਆ। ਇਸ ਸਾਲ ਹੁਣ ਤੱਕ ਪੰਜ ਲੱਖ ਤੋਂ ਵੱਧ ਸ਼ਰਧਾਲੂ ਬਾਬਾ ਬਰਫਾਨੀ ਦੇ ਦਰਸ਼ਨ ਕਰ ਚੁੱਕੇ ਹਨ। ਇਹ ਯਾਤਰਾ 29 ਜੂਨ ਨੂੰ ਸ਼ੁਰੂ ਹੋਈ ਸੀ ਅਤੇ 19 ਅਗਸਤ ਨੂੰ ਸਮਾਪਤ ਹੋਵੇਗੀ। ਸ਼ੁੱਕਰਵਾਰ ਸਵੇਰੇ 730 ਸ਼ਰਧਾਲੂ ਸਰਹੱਦੀ ਜ਼ਿਲ੍ਹੇ ਪੁੰਛ ਦੇ ਪ੍ਰਾਚੀਨ ਬੁੱਢਾ ਅਮਰਨਾਥ ਮੰਦਰ ਲਈ ਰਵਾਨਾ ਹੋਏ। ਇਹ ਯਾਤਰਾ 7 ਅਗਸਤ ਨੂੰ ਸ਼ੁਰੂ ਹੋਈ ਸੀ ਅਤੇ 20 ਅਗਸਤ ਤੱਕ ਜਾਰੀ ਰਹੇਗੀ।

## ਦਿੱਲੀ ਦੇ ਰੈਸਟੋਰੈਂਟ ਚ ਲੱਗੀ ਅੱਗ



ਦੱਖਣ-ਪੂਰਬੀ ਦਿੱਲੀ ਦੀ ਅਮਰ ਕਲੋਨੀ ਵਿੱਚ ਇੱਕ ਰੈਸਟੋਰੈਂਟ ਵਿੱਚ ਗੈਸ ਲੀਕ ਹੋਣ ਦੇ ਸ਼ੱਕ ਵਿੱਚ ਧਮਾਕਾ ਹੋਣ ਤੋਂ ਬਾਅਦ ਅੱਗ ਲੱਗ ਜਾਣ ਦੀ ਸੂਚਨਾ ਮਿਲੀ ਹੈ। ਇਸ ਘਟਨਾ ਵਿੱਚ ਕਿਸੇ ਜਾਨੀ ਨੁਕਸਾਨ ਦੀ ਕੋਈ ਰਿਪੋਰਟ ਨਹੀਂ ਹੈ। ਇਸ ਘਟਨਾ ਦੀ ਜਾਣਕਾਰੀ ਅਧਿਕਾਰੀਆਂ ਵਲੋਂ ਦਿੱਤੀ ਗਈ ਹੈ। ਇਸ ਮਾਮਲੇ ਦੇ ਸਬੰਧ ਵਿਚ ਦਿੱਲੀ ਫਾਇਰ ਸਰਵਿਸ ਦੇ ਇਕ ਅਧਿਕਾਰੀ ਨੇ ਦੱਸਿਆ ਕਿ ਘਟਨਾ ਦੀ ਸੂਚਨਾ ਸਵੇਰੇ 7.10 ਵਜੇ ਮਿਲੀ ਅਤੇ ਤਿੰਨ ਫਾਇਰ ਬ੍ਰਿਗੇਡ ਦੀਆਂ ਗੱਡੀਆਂ ਨੂੰ ਮੌਕੇ 'ਤੇ ਭੇਜਿਆ ਗਿਆ। ਉਨ੍ਹਾਂ ਨੇ ਕਿਹਾ, ''ਸ਼ੰਕਾ ਹੈ ਕਿ ਰਸੋਈ 'ਚ ਗੈਸ ਲੀਕ ਹੋਣ ਕਾਰਨ ਇਹ ਧਮਾਕਾ ਹੋਇਆ ਹੈ।'' ਉਨ੍ਹਾਂ ਨੇ ਦੱਸਿਆ ਕਿ ਧਮਾਕਾ ਇੰਨਾ ਜ਼ਬਰਦਸਤ ਸੀ ਕਿ ਰੈਸਟੋਰੈਂਟ ਦੇ ਸ਼ੀਸ਼ੇ ਟੁੱਟ ਗਏ। ਅਧਿਕਾਰੀ ਨੇ ਦੱਸਿਆ ਕਿ ਅੱਧੇ ਘੰਟੇ ਦੇ ਅੰਦਰ-ਅੰਦਰ ਅੱਗ 'ਤੇ ਕਾਬੂ ਪਾ ਲਿਆ ਗਿਆ। ਪੁਲਸ ਇਸ ਮਾਮਲੇ ਦੀ ਜਾਂਚ ਕਰ ਰਹੀ ਹੈ।

## ਹਰਿਆਣਾ ਦੇ CM ਨੇ ਓਲੰਪਿਕ 'ਚ ਚਾਂਦੀ ਦਾ ਤਮਗਾ ਜਿੱਤਣ 'ਤੇ ਨੀਰਜ ਚੋਪੜਾ ਨੂੰ ਦਿੱਤੀ ਵਧਾਈ




ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਪੈਰਿਸ ਓਲੰਪਿਕ 'ਚ ਚਾਂਦੀ ਦਾ ਤਮਗਾ ਜਿੱਤਣ 'ਤੇ ਨੀਰਜ ਚੋਪੜਾ ਨੂੰ ਵਧਾਈ ਦਿੱਤੀ ਅਤੇ ਕਿਹਾ ਕਿ ਉਹ ਦੇਸ਼ ਦੀਆਂ ਉਮੀਦਾਂ 'ਤੇ ਖਰੇ ਉਤਰੇ ਹਨ। ਨੀਰਜ ਚੋਪੜਾ ਪੈਰਿਸ ਓਲੰਪਿਕ ਦੇ ਜੈਵਲਿਨ ਥਰੋਅ ਮੁਕਾਬਲੇ 'ਚ ਚਾਂਦੀ ਦਾ ਤਮਗਾ ਜਿੱਤ ਕੇ ਲਗਾਤਾਰ 2 ਓਲੰਪਿਕ ਤਮਗਾ ਜਿੱਤਣ ਵਾਲੇ ਪਹਿਲੇ ਭਾਰਤੀ ਟਰੈਕ ਅਤੇ ਫੀਲਡ ਖਿਡਾਰੀ ਬਣ ਗਏ ਪਰ ਪਾਕਿਸਤਾਨ ਦੇ ਅਰਸ਼ਦ ਨਦੀਮ ਨੇ ਓਲੰਪਿਕ 'ਚ ਨਵੇਂ ਰਿਕਾਰਡ ਨਾਲ ਬਾਜ਼ੀ ਮਾਰ ਲਈ। ਚੋਪੜਾ ਨੇ ਤੋਕੀਓ ਓਲੰਪਿਕ 'ਚ ਸੋਨੇ ਦਾ ਤਮਗਾ ਜਿੱਤਿਆ ਸੀ।ਸੈਣੀ ਨੇ ਸੋਸ਼ਲ ਮੀਡੀਆ ਮੰਚ 'ਐਕਸ' 'ਤੇ ਪੋਸਟ 'ਚ ਕਿਹਾ,''ਜੈਵਲਿਨ ਥਰੋਅ ਸੁਪਰਸਟਾਰ ਅਤੇ ਹਰਿਆਣਾ ਦਾ ਹੋਣਹਾਰ ਖਿਡਾਰੀ- ਗੋਲਡਨ ਬੁਆਏ ਨਰੀਜ਼ ਚੋਪੜਾ। ਪੂਰੇ ਦੇਸ਼ ਨੂੰ ਤੁਹਾਡੇ ਤੋਂ ਉਮੀਦ ਸੀ, ਉਸ 'ਤੇ ਤੁਸੀਂ ਖਰੇ ਉਤਰੇ। ਤੁਸੀਂ ਪੈਰਿਸ 'ਚ ਦੇਸ਼ ਲਈ ਚਾਂਦੀ ਦਾ ਤਮਗਾ ਜਿੱਤ ਕੇ ਇਤਿਹਾਸ ਰਚ ਦਿੱਤਾ ਹੈ।'' ਉਨ੍ਹਾਂ ਕਿਹਾ,''ਲਗਾਤਾਰ 2 ਓਲੰਪਿਕ 'ਚ ਤਮਗਾ ਜਿੱਤ ਕੇ ਤੁਸੀਂ ਜੋ ਕੀਰਤੀਮਾਨ ਸਥਾਪਤ ਕੀਤਾ ਹੈ, ਉਸ ਦੀ ਬਰਾਬਰੀ ਕਰਨਾ ਬੇਹੱਦ ਮੁਸ਼ਕਲ ਹੋਵੇਗਾ। ਸਾਰੇ ਦੇਸ਼ ਵਾਸੀ ਅਤੇ ਵਿਸ਼ੇਸ਼ ਕਰ ਕੇ ਹਰਿਆਣਵਾਸੀ ਤੁਹਾਡੀ ਇਸ ਸ਼ਾਨਦਾਰ ਉਪਲੱਬਧੀ 'ਤੇ ਮਾਣ ਮਹਿਸੂਸ ਕਰ ਰਹੇ ਹਨ।''



## ਅੱਧੀ ਰਾਤ ਨੂੰ ਹੋਇਆ ਜ਼ੋਰਦਾਰ ਧਮਾਕਾ! ਹਾਈਵੇਅ ਤਕ ਉੱਡਦੇ ਗਏ ਕੱਚ ਦੇ ਟੋਟੇ

ਸਥਾਨਕ ਸ਼ਹਿਰ ਦੀ ਸੰਗਰੂਰ ਰੋਡ ਉਪਰ ਸਥਿਤ ਇਕ ਕੀਟ ਨਾਸ਼ਕਾਂ ਦੀ ਦੋ ਮੰਜਿਲਾ ਦੁਕਾਨ ’ਚ ਦੇਰ ਰਾਤ ਅਚਾਨਕ ਅੱਗ ਲੱਗ ਜਾਣ ਕਾਰਨ ਲੱਖਾਂ ਰੁਪੈ ਦਾ ਸਮਾਨ ਸੜ ਕੇ ਸੁਵਾਹ ਹੋ ਜਾਣ ਦਾ ਸਮਚਾਰ ਪ੍ਰਾਪਤ ਹੋਇਆ। ਇਸ ਘਟਨਾ ਸਬੰਧੀ ਜਾਣਕਾਰੀ ਦਿੰਦਿਆਂ ਦੁਕਾਨ ਦੇ ਮਾਲਕ ਜੁਝਾਰ ਸਿੰਘ ਪੁੱਤਰ ਸਮਸ਼ੇਰ ਸਿੰਘ ਨੇ ਦੱਸਿਆ ਕਿ ਉਸ ਦੀ ਸੰਗਰੂਰ ਰੋਡ ਉਪਰ ਨੈਸ਼ਨਲ ਹਾਈਵੇ ਦੀ ਸਰਵਿਸ ਰੋਡ ਉੱਪਰ ਸਥਿਤ ਕੀਟ ਨਾਸ਼ਕਾਂ ਦੀ ਦੁਕਾਨ ਭੰਗੂ ਖੇਤੀ ਸੇਵਾ ਸੈਂਟਰ ’ਚ ਦੇਰ ਰਾਤ ਕਰੀਬ 3 ਵਜੇ ਅਚਾਨਕ ਅੱਗ ਲੱਗ ਗਈ ਤੇ ਅੱਗ ਐਨੀ ਭਿਆਨਕ ਸੀ ਕਿ ਦੁਕਾਨ ਅੰਦਰ ਪਏ ਕੀਟਨਾਸ਼ਕ, ਏ.ਸੀ., ਫਰਨੀਚਰ ਸਭ ਸੜ ਕੇ ਸੁਆਹ ਹੋ ਗਏ। ਉਨ੍ਹਾਂ ਦੱਸਿਆ ਕਿ ਅੱਗ ’ਚ ਸੜ ਕੇ ਸੁਆਹ ਹੋਏ ਕੀਟਨਾਸ਼ਕਾਂ ਨਾਲ ਦੁਕਾਨ ਅੰਦਰ ਗੈਸ ਬਣ ਗਈ ਤੇ ਫਿਰ ਜ਼ੋਰਦਾਰ ਧਮਾਕਾ ਹੋਇਆ, ਜਿਸ ਨੇ ਦੁਕਾਨ ਦਾ ਸ਼ਟਰ ਉਖੇੜ ਦਿੱਤਾ ਤੇ ਦੁਕਾਨ ਅੰਦਰ ਲੱਗਿਆ ਗਲਾਸ ਡੋਰ ਚਕਨਾਚੂਰ ਹੋ ਗਿਆ ਤੇ ਇਸ ਡੋਰ ਦਾ ਕਚ ਹਾਈਵੇ ਦੀ ਦੂਜੀ ਸਾਇਡ ਤੱਕ ਖਿੱਲਰ ਗਿਆ।ਉਨ੍ਹਾਂ ਦੱਸਿਆ ਕਿ ਇਹ ਧਮਾਕਾ ਇੰਨਾ ਜੋਰਦਾਰ ਸੀ ਕਿ ਧਮਾਕੇ ਦੀ ਅਵਾਜ਼ ਸੁਣ ਕੇ ਆਸ-ਪਾਸ ਦੇ ਲੋਕਾਂ ਦੀ ਵੀ ਨੀਂਦ ਖੁੱਲ੍ਹ ਗਈ ਤੇ ਉਨ੍ਹਾਂ ਦੁਕਾਨ ਦੀ ਦੂਜੀ ਮੰਜਿਲ ਤੋਂ ਅੱਗ ਦੀਆਂ ਉੱਚੀਆਂ ਲਪਟਾਂ ਤੇ ਧੂੰਆਂ ਉਠਦਾ ਦੇਖ ਅੱਗ ਦੀ ਇਸ ਘਟਨਾ ਸਬੰਧੀ ਉਨ੍ਹਾਂ ਨੂੰ ਸੂਚਿਤ ਕੀਤਾ। ਜਿਸ ਤੋਂ ਬਾਅਦ ਉਨ੍ਹਾਂ ਇਸ ਘਟਨਾ ਦੀ ਸੂਚਨਾ ਪੁਲਸ ਨੂੰ ਦਿੱਤੀ ਤੇ ਪੁਲਸ ਦੀ ਸੂਚਨਾ ਦੇ ਅਧਾਰ ਤੇ ਮੌਕੇ ‘ਤੇ ਪਹੁੰਚੀਆਂ ਸੁਨਾਮ ਤੇ ਸੰਗਰੂਰ ਤੋਂ ਫਾਈਰ ਬ੍ਰਿਗੇਡ ਦੀਆਂ ਦੋ ਗੱਡੀਆਂ ਵੱਲੋਂ ਕਾਫ਼ੀ ਦੇਰ ਜੱਦੋ-ਜਹਿਦ ਕਰਕੇ ਇਸ ਅੱਗ ਉੱਪਰ ਕਾਬੂ ਪਾਇਆ ਗਿਆ। ਜੁਝਾਰ ਸਿੰਘ ਨੇ ਦੱਸਿਆ ਕਿ ਸ਼ਾਰਟ ਸਰਕਟ ਨਾਲ ਉਸ ਦੀ ਦੁਕਾਨ ਅੰਦਰ ਇਹ ਅੱਗ ਲੱਗੀ ਹੈ ਅਤੇ ਅੱਗ ਦੀ ਇਸ ਘਟਨਾ ’ਚ ਉਸ ਦਾ ਲੱਖਾਂ ਰੁਪਏ ਦਾ ਨੁਕਸਾਨ ਹੋ ਗਿਆ ਹੈ। ਇਸ ਮੌਕੇ ਮੌਜੂਦ ਵੱਡੀ ਗਿਣਤੀ ’ਚ ਸ਼ਹਿਰ ਨਿਵਾਸੀਆਂ ਨੇ ਸਰਕਾਰ ਤੋਂ ਮੰਗ ਕੀਤੀ ਕਿ ਉਕਤ ਦੁਕਾਨਦਾਰ ਨੂੰ ਵੱਧ ਤੋਂ ਵੱਧ ਮਾਲੀ ਸਹਾਇਤਾ ਦਿੱਤੀ ਜਾਵੇ ਤੇ ਸ਼ਹਿਰ ਅੰਦਰ ਵੀ ਫਾਇਰ ਬ੍ਰਿਗੇਡ ਸਟੇਸ਼ਨ ਸਥਾਪਿਤ ਕੀਤਾ ਜਾਵੇ।

## ਵਿੱਤੀ ਸੰਸਥਾਵਾਂ ਦੀ ਸੁਰੱਖਿਆ ਦਾ ਜਾਇਜ਼ਾ ਲੈਣ ਲਈ ਚਲਾਇਆ ਵਿਸ਼ੇਸ਼ ਆਪ੍ਰੇਸ਼ਨ



ਪੰਜਾਬ ਨੂੰ ਸੁਰੱਖਿਅਤ ਸੂਬਾ ਬਣਾਉਣ ਦੇ ਮੱਦੇਨਜ਼ਰ ਪੰਜਾਬ ਪੁਲਸ ਨੇ ਵੀਰਵਾਰ ਨੂੰ ਸ਼ਹਿਰੀ ਤੇ ਪੇਂਡੂ ਖੇਤਰਾਂ ਦੀਆਂ ਸਾਰੀਆਂ ਵਿੱਤੀ ਸੰਸਥਾਵਾਂ, ਜਿਨ੍ਹਾਂ ’ਚ ਬੈਂਕਾਂ, ਨਾਨ-ਬੈਂਕ ਵਿੱਤੀ ਕੰਪਨੀਆਂ, ਗੋਲਡ ਲੋਨ ਅਤੇ ਮਨੀ ਐਕਸਚੇਂਜਰ ਸ਼ਾਮਲ ਹਨ, ਦੇ ਸੁਰੱਖਿਆ ਪ੍ਰਬੰਧਾਂ ਦਾ ਜਾਇਜ਼ਾ ਲੈਣ ਲਈ ਵਿਸ਼ੇਸ਼ ਆਪ੍ਰੇਸ਼ਨ ਚਲਾਇਆ। ਇਹ ਆਪ੍ਰੇਸ਼ਨ ਡਾਇਰੈਕਟਰ ਜਨਰਲ ਆਫ਼ ਪੁਲਸ (ਡੀ.ਜੀ.ਪੀ.) ਪੰਜਾਬ ਗੌਰਵ ਯਾਦਵ ਦੇ ਨਿਰਦੇਸ਼ਾਂ ’ਤੇ ਚਲਾਇਆ ਗਿਆ।ਇਸ ਸਬੰਧੀ ਵੇਰਵੇ ਸਾਂਝੇ ਕਰਦਿਆਂ ਵਿਸ਼ੇਸ਼ ਡੀ. ਜੀ. ਪੀ. ਲਾਅ ਐਂਡ ਆਰਡਰ ਅਰਪਿਤ ਸ਼ੁਕਲਾ ਨੇ ਦੱਸਿਆ ਕਿ ਸੀ. ਪੀਜ਼,/ਐੱਸ. ਐੱਸ.ਪੀਜ਼ ਨੂੰ ਇਸ ਆਪ੍ਰੇਸ਼ਨ ਦੀ ਨਿੱਜੀ ਤੌਰ ’ਤੇ ਨਿਗਰਾਨੀ ਕਰਨ ਅਤੇ ਆਪ੍ਰੇਸ਼ਨ ਨੂੰ ਸਫ਼ਲਤਾਪੂਰਵਕ ਨੇਪਰੇ ਚਾੜ੍ਹਨ ਲਈ ਗਜ਼ਟਿਡ ਰੈਂਕ ਦੇ ਅਧਿਕਾਰੀਆਂ ਦੀ ਨਿਗਰਾਨੀ ਹੇਠ ਲੋੜੀਂਦੀਆਂ ਪੁਲਸ ਟੀਮਾਂ ਦੀ ਨਫ਼ਰੀ ਤਾਇਨਾਤ ਕਰਨ ਦੇ ਨਿਰਦੇਸ਼ ਦਿੱਤੇ ਗਏ ਸਨ। ਪੁਲਸ ਪਾਰਟੀਆਂ ਨੂੰ ਸੁਰੱਖਿਆ ਗਾਰਡਾਂ ਦੀ ਤਾਇਨਾਤੀ ਨੂੰ ਯਕੀਨੀ ਬਣਾਉਣ ਦੇ ਨਾਲ-ਨਾਲ ਅਜਿਹੇ ਸੰਵੇਦਨਸ਼ੀਲ ਅਦਾਰਿਆਂ ਵਿਖੇ ਅਲਾਰਮ ਅਤੇ ਸੀ. ਸੀ. ਟੀ. ਵੀ. ਕੈਮਰੇ ਲਗਾਉਣ/ਕਾਰਜਸ਼ੀਲ ਬਣਾਉਣ ਨੂੰ ਯਕੀਨੀ ਬਣਾਏ ਜਾਣ ਸਬੰਧੀ ਵੀ ਨਿਰਦੇਸ਼ ਦਿੱਤੇ ਗਏ ਸਨ।ਇਹ ਆਪ੍ਰੇਸ਼ਨ ਸੂਬੇ ਦੇ ਸਾਰੇ 28 ਪੁਲਸ ਜ਼ਿਲ੍ਹਿਆਂ ’ਚ ਚਲਾਇਆ ਗਿਆ, ਜਿਸ ’ਚ 2500 ਤੋਂ ਵੱਧ ਪੁਲਸ ਕਰਮਚਾਰੀਆਂ ਦੀ ਨਫ਼ਰੀ ਵਾਲੀਆਂ 500 ਤੋਂ ਵੱਧ ਪੁਲਸ ਪਾਰਟੀਆਂ ਨੇ ਐੱਸ.ਪੀ./ਡੀ. ਐੱਸ. ਪੀਜ਼ ਦੀ ਨਿਗਰਾਨੀ ਹੇਠ 3826 ਵਿੱਤੀ ਸੰਸਥਾਵਾਂ, ਜਿਨ੍ਹਾਂ ’ਚ 2516 ਬੈਂਕਾਂ, 389 ਐੱਨ. ਬੀ. ਐੱਫ. ਸੀ., 360 ਗੋਲਡ ਲੋਨ ਅਤੇ 561 ਮਨੀ ਐਕਸਚੇਂਜਰ ਸ਼ਾਮਲ ਹਨ, ਦੀ ਚੈਕਿੰਗ ਕੀਤੀ।ਵਿਸ਼ੇਸ਼ ਡੀ. ਜੀ. ਪੀ. ਨੇ ਦੱਸਿਆ ਕਿ ਇਸ ਆਪ੍ਰੇਸ਼ਨ ਨੂੰ ਅੰਜਾਮ ਦੇਣ ਦਾ ਮੁੱਖ ਮਕਸਦ ਵਿੱਤੀ ਸੰਸਥਾਵਾਂ ਜੋ ਕਿ ਆਮ ਤੌਰ ’ਤੇ ਸਮਾਜ ਵਿਰੋਧੀ ਅਨਸਰਾਂ ਦੇ ਨਿਸ਼ਾਨੇ ਹੁੰਦੀਆਂ ਹਨ, ਵਿਖੇ ਢੁਕਵੀਂ ਮੁਸਤੈਦੀ ਤੇ ਪੂਰਨ ਸੁਰੱਖਿਆ ਨੂੰ ਯਕੀਨੀ ਬਣਾਉਣ ਤੋਂ ਇਲਾਵਾ ਆਮ ਲੋਕਾਂ ’ਚ ਸੁਰੱਖਿਆ ਦੀ ਭਾਵਨਾ ਪੈਦਾ ਕਰਨਾ ਸੀ। ਟੀਮਾਂ ਨੇ ਕਾਰਵਾਈ ਦੌਰਾਨ ਬੈਂਕਾਂ ਅਤੇ ਹੋਰ ਵਿੱਤੀ ਸੰਸਥਾਵਾਂ ਦੇ ਆਲੇ-ਦੁਆਲੇ ਘੁੰਮਦੇ ਸ਼ੱਕੀ ਵਿਅਕਤੀਆਂ ਦੀ ਤਲਾਸ਼ੀ ਵੀ ਲਈ।

## ਕੇਦਾਰਨਾਥ ਧਾਮ ਲਈ ਮੁੜ ਤੋਂ ਸ਼ੁਰੂ ਹੋਈ ਹੈਲੀਕਾਪਟਰ ਸੇਵਾ, ਸੜਕ ਦੀ ਮੁਰੰਮਤ ਦਾ ਕੰਮ ਜਾਰੀ



ਕੇਦਾਰਨਾਥ ਧਾਮ ਲਈ ਹੈਲੀਕਾਪਟਰ ਦੀ ਯਾਤਰਾ ਵੀਰਵਾਰ ਤੋਂ ਮੁੜ ਸ਼ੁਰੂ ਹੋ ਗਈ, ਜਦੋਂ ਕਿ ਮੰਦਰ ਨੂੰ ਜਾਣ ਵਾਲੇ ਨੁਕਸਾਨੇ ਗਏ ਪੈਦਲ ਅਤੇ ਸੜਕ ਮਾਰਗਾਂ ਨੂੰ ਠੀਕ ਕਰਨ ਦਾ ਕੰਮ ਜ਼ੋਰਾਂ-ਸ਼ੋਰਾਂ 'ਤੇ ਚੱਲ ਰਿਹਾ ਹੈ। ਇਸ ਗੱਲ ਦੀ ਜਾਣਕਾਰੀ ਅਧਿਕਾਰੀਆਂ ਵਲੋਂ ਦਿੱਤੀ ਗਈ ਹੈ। ਉਨ੍ਹਾਂ ਨੇ ਇੱਥੇ ਦੱਸਿਆ ਕਿ ਉਤਰਾਖੰਡ ਦੇ ਮੁੱਖ ਮੰਤਰੀ ਪੁਸ਼ਕਰ ਸਿੰਘ ਧਾਮੀ ਦੇ ਨਿਰਦੇਸ਼ 'ਤੇ ਸਵੇਰੇ ਮੌਸਮ ਸਾਫ਼ ਹੁੰਦੇ ਹੀ ਹੈਲੀਕਾਪਟਰ ਸੇਵਾ ਮੁੜ ਤੋਂ ਸ਼ੁਰੂ ਹੋ ਗਈ, ਜਿਸ ਰਾਹੀਂ ਸ਼ਰਧਾਲੂਆਂ ਨੇ ਬਾਬਾ ਕੇਦਾਰ ਦੇ ਦਰਸ਼ਨ ਕੀਤੇ। ਦੂਜੇ ਪਾਸੇ, ਧਾਮ 'ਤੇ ਰੁਕੇ 33 ਯਾਤਰੀਆਂ ਨੂੰ ਐੱਮਆਈ 17 ਅਤੇ ਹੋਰ ਹੈਲੀਕਾਪਟਰਾਂ ਦੁਆਰਾ ਸ਼ੇਰਸੀ ਅਤੇ ਚਾਰਧਾਮ ਹੈਲੀਪੈਡ 'ਤੇ ਪਹੁੰਚਾਇਆ ਗਿਆ। ਬਦਰੀਨਾਥ ਕੇਦਾਰਨਾਥ ਮੰਦਿਰ ਕਮੇਟੀ ਦੇ ਮੁੱਖ ਕਾਰਜਕਾਰੀ ਅਧਿਕਾਰੀ ਯੋਗੇਂਦਰ ਸਿੰਘ ਨੇ ਦੱਸਿਆ ਕਿ ਜ਼ਿਲ੍ਹਾ ਮੈਜਿਸਟਰੇਟ ਦੇ ਨਿਰਦੇਸ਼ਾਂ ਤਹਿਤ ਕੇਦਾਰਨਾਥ ਧਾਮ ਵਿੱਚ ਬਚਾਅ ਅਤੇ ਰਾਹਤ ਕਾਰਜ ਪੂਰਾ ਕਰ ਲਿਆ ਗਿਆ ਹੈ। ਉਨ੍ਹਾਂ ਕਿਹਾ ਕਿ ਹੈਲੀਕਾਪਟਰਾਂ ਰਾਹੀਂ ਲੋੜੀਂਦਾ ਰਾਸ਼ਨ ਅਤੇ ਹੋਰ ਜ਼ਰੂਰੀ ਵਸਤਾਂ ਵੀ ਸਾਰੀਆਂ ਥਾਵਾਂ 'ਤੇ ਪਹੁੰਚਾ ਦਿੱਤੀਆਂ ਗਈਆਂ ਹਨ। 31 ਜੁਲਾਈ ਦੀ ਰਾਤ ਨੂੰ ਭਾਰੀ ਮੀਂਹ ਅਤੇ ਬੱਦਲ ਫਟਣ ਕਾਰਨ ਨੁਕਸਾਨੀ ਕੇਦਾਰਨਾਥ ਸੜਕ ਦਾ ਮੁਆਇਨਾ ਕਰਨ ਲਈ ਮੰਗਲਵਾਰ ਨੂੰ ਪਹੁੰਚੇ ਮੁੱਖ ਮੰਤਰੀ ਨੇ ਬੁੱਧਵਾਰ ਤੋਂ ਹੈਲੀਕਾਪਟਰ ਸੇਵਾ ਸ਼ੁਰੂ ਕਰਨ ਦੇ ਨਿਰਦੇਸ਼ ਦਿੱਤੇ ਸਨ। ਹਾਲਾਂਕਿ ਖ਼ਰਾਬ ਮੌਸਮ ਕਾਰਨ ਬੁੱਧਵਾਰ ਨੂੰ ਇਹ ਸੇਵਾ ਸ਼ੁਰੂ ਨਹੀਂ ਹੋ ਸਕੀ। ਇਸ ਦੇ ਨਾਲ ਹੀ ਮੁੱਖ ਮੰਤਰੀ ਨੇ ਇਹ ਵੀ ਕਿਹਾ ਸੀ ਕਿ ਜਦੋਂ ਤੱਕ ਕੇਦਾਰਨਾਥ ਯਾਤਰਾ ਦਾ ਆਯੋਜਨ ਨਹੀਂ ਹੁੰਦਾ, ਉਦੋਂ ਤੱਕ ਯਾਤਰੀਆਂ ਨੂੰ ਸੀਮਤ ਸਮੇਂ ਲਈ ਹੈਲੀਕਾਪਟਰ ਦੇ ਕਿਰਾਏ ਵਿੱਚ 25 ਫ਼ੀਸਦੀ ਦੀ ਛੋਟ ਦਿੱਤੀ ਜਾਵੇਗੀ ਅਤੇ ਇਹ ਖ਼ਰਚਾ ਸੂਬਾ ਸਰਕਾਰ ਵੱਲੋਂ ਚੁੱਕਿਆ ਜਾਵੇਗਾ। ਇਸ ਦੌਰਾਨ ਘੋੜਾਪੜਾਵ ਅਤੇ ਜੰਗਲਚੱਟੀ ਸਮੇਤ ਲਗਭਗ 29 ਥਾਵਾਂ 'ਤੇ ਨੁਕਸਾਨੇ ਗਏ ਕੇਦਾਰਨਾਥ ਫੁੱਟ ਅਤੇ ਸੜਕ ਦੀ ਮੁਰੰਮਤ ਦਾ ਕੰਮ ਜੰਗੀ ਪੱਧਰ 'ਤੇ ਚੱਲ ਰਿਹਾ ਹੈ।



## ਸਿਸੋਦੀਆ ਨੂੰ ਜ਼ਮਾਨਤ ਮਿਲਣ ਤੋਂ ਬਾਅਦ CM ਮਾਨ ਨੇ ਕੀਤਾ ਟਵੀਟ

ਸੁਪਰੀਮ ਕੋਰਟ ਵਲੋਂ ਆਬਕਾਰੀ ਨੀਤੀ ਮਾਮਲੇ ਵਿਚ ਦਿੱਲੀ ਦੇ ਸਾਬਕਾ ਸਿੱਖਿਆ ਮੰਤਰੀ ਮਨੀਸ਼ ਸਿਸੋਦੀਆ ਨੂੰ ਜ਼ਮਾਨਤ ਦੇਣ ਤੋਂ ਬਾਅਦ ਮੁੱਖ ਮੰਤਰੀ ਭਗਵੰਤ ਮਾਨ ਦਾ ਪਹਿਲਾ ਬਿਆਨ ਸਾਹਮਣੇ ਆਇਆ ਹੈ। ਮੁੱਖ ਮੰਤਰੀ ਨੇ ਇਸ ਨੂੰ ਸੱਚਾਈ ਦੀ ਜਿੱਤ ਦੱਸਿਆ ਹੈ। ਉਨ੍ਹਾਂ ਆਖਿਆ ਕਿ ਅੱਜ ਸੱਚ ਦੀ ਜਿੱਤ ਹੋਈ ਹੈ। ਸਿਸੋਦੀਆ ਨੂੰ 17 ਮਹੀਨੇ ਜੇਲ੍ਹ 'ਚ ਰਹਿਣ ਤੋਂ ਬਾਅਦ ਜ਼ਮਾਨਤ ਮਿਲੀ ਹੈ। ਇਸ ਮਾਮਲੇ 'ਤੇ ਆਦੇਸ਼ ਜੱਜ ਬੀ.ਆਰ. ਗਵਈ ਅਤੇ ਜੱਜ ਕੇ.ਵੀ. ਵਿਸ਼ਵਨਾਥ ਦੇ ਬੈਂਚ ਨੇ ਤਿੰਨ ਦਿਨ ਪਹਿਲਾਂ 6 ਅਗਸਤ ਨੂੰ ਫ਼ੈਸਲਾ ਸੁਰੱਖਿਅਤ ਰੱਖ ਲਿਆ ਸੀ। ਸਿਸੋਦੀਆ ਨੇ ਦਿੱਲੀ ਹਾਈ ਕੋਰਟ ਦੇ ਫ਼ੈਸਲੇ ਖ਼ਿਲਾਫ਼ ਸੁਪਰੀਮ ਕੋਰਟ ਦਾ ਰੁਖ ਕੀਤਾ ਸੀ। ਦਰਅਸਲ ਹਾਈ ਕੋਰਟ ਨੇ ਸਿਸੋਦੀਆ ਦੀ ਜ਼ਮਾਨਤ ਪਟੀਸ਼ਨ ਖਾਰਜ ਕਰ ਦਿੱਤੀ ਸੀ ਪਰ ਅੱਜ ਸੁਪਰੀਮ ਕੋਰਟ ਨੇ ਉਨ੍ਹਾਂ ਨੂੰ ਜ਼ਮਾਨਤ ਦੇ ਦਿੱਤੀ ਹੈ।

## ਪੀਰ ਨਿਗਾਹਾ ਤੋਂ ਮੱਥਾ ਟੇਕ ਕੇ ਪਰਤ ਰਹੇ ਪੰਜਾਬ ਦੇ ਸ਼ਰਧਾਲੂਆਂ ਦੀ ਟਰੈਕਟਰ-ਟਰਾਲੀ ਪਲਟੀ

ਹਿਮਾਚਲ ਪ੍ਰਦੇਸ਼ ਜ਼ਿਲ੍ਹਾ ਊਨਾ ਦੇ ਧਾਰਮਿਕ ਸਥਾਨ ਪੀਰ ਨਿਗਾਹਾ ਵਿਖੇ ਮੱਥਾ ਟੇਕ ਕੇ ਵਾਪਸ ਪਰਤ ਰਹੇ ਸ਼ਰਧਾਲੂਆਂ ਨਾਲ ਭਰੀ ਟਰੈਕਟਰ-ਟਰਾਲੀ ਪਲਟ ਗਈ। ਇਸ ਹਾਦਸੇ ’ਚ ਕਰੀਬ 15 ਸ਼ਰਧਾਲੂ ਜ਼ਖ਼ਮੀ ਹੋ ਗਏ ਹਨ। ਫਿਲਹਾਲ ਜ਼ਖ਼ਮੀਆਂ ਦੀ ਹਾਲਤ ਠੀਕ ਹੈ। ਇਹ ਸਾਰੇ ਸ਼ਰਧਾਲੂ ਪੰਜਾਬ ਦੇ ਮਾਨਸਾ ਤੋਂ ਧਾਰਮਿਕ ਸਥਾਨਾਂ ਦੇ ਦਰਸ਼ਨਾਂ ’ਚ ਜਾਣ ਲਈ ਤਿੰਨ ਦਿਨ ਲਈ ਆਏ ਸਨ। ਸਾਰੇ ਜ਼ਖ਼ਮੀਆਂ ਨੂੰ ਇਲਾਜ ਲਈ ਊਨਾ ਦੇ ਖੇਤਰੀ ਹਸਪਤਾਲ ਲਿਆਂਦਾ ਗਿਆ ਹੈ। ਇਨ੍ਹਾਂ ਵਿਚੋਂ ਤਿੰਨ ਦੀ ਹਾਲਤ ਬਹੁਤ ਨਾਜ਼ੁਕ ਦੱਸੀ ਜਾ ਰਹੀ ਹੈ। ਦੱਸਿਆ ਜਾ ਰਿਹਾ ਹੈ ਕਿ ਪੰਜਾਬ ਦੇ ਮਾਨਸਾ ਜ਼ਿਲ੍ਹੇ ਦੇ ਵਸਨੀਕ ਸ਼ਰਧਾਲੂ ਮੰਗਲਵਾਰ ਨੂੰ ਨੈਣਾ ਦੇਵੀ ਵਿਖੇ ਮੱਥਾ ਟੇਕਣ ਤੋਂ ਬਾਅਦ ਪੀਰ ਨਿਗਾਹਾ ਵਿਖੇ ਮੱਥਾ ਟੇਕਣ ਲਈ ਪੁੱਜੇ ਸਨ। ਵੀਰਵਾਰ ਸਵੇਰੇ ਇਹ ਸਾਰੇ ਸ਼ਰਧਾਲੂ ਜਦੋਂ ਮਾਨਸਾ ਲਈ ਰਵਾਨਾ ਹੋਏ ਸਨ ਤਾਂ ਮੰਦਿਰ ਦੀ ਚਾਰਦੀਵਾਰੀ ਤੋਂ ਕੁਝ ਦੂਰੀ ’ਤੇ ਉਨ੍ਹਾਂ ਦੀ ਟਰਾਲੀ ਬੇਕਾਬੂ ਹੋ ਕੇ ਪਲਟ ਗਈ।



## ਹਿਮਾਚਲ ਪ੍ਰਦੇਸ਼ ਦੇ CM ਨੂੰ ਮਿਲੇ ਸੁਖਬੀਰ ਬਾਦਲ

ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਵੱਲੋਂ ਵੀਰਵਾਰ ਨੂੰ ਹਿਮਾਚਲ ਪ੍ਰਦੇਸ਼ ਦੇ ਮੁੱਖ ਮੰਤਰੀ ਸੁਖਵਿੰਦਰ ਸਿੰਘ ਸੁੱਖੂ ਨਾਲ ਮੁਲਾਕਾਤ ਕੀਤੀ ਗਈ। ਸੁਖਬੀਰ ਬਾਦਲ ਵੱਲੋਂ ਇਸ ਸਬੰਧੀ ਸੋਸ਼ਲ ਮੀਡੀਆ ’ਤੇ ਤਸਵੀਰ ਸਾਂਝੀ ਕੀਤੀ ਗਈ ਹੈ।ਉਨ੍ਹਾਂ ਕਿਹਾ ਕਿ ਬੀਤੇ ਕੁਝ ਸਮੇਂ ਤੋਂ ਪੰਜਾਬੀ ਸੈਲਾਨੀਆਂ ਨੂੰ ਹਿਮਾਚਲ ਪ੍ਰਦੇਸ਼ ’ਚ ਆ ਰਹੀਆਂ ਪ੍ਰੇਸ਼ਾਨੀਆਂ ਅਤੇ ਕੁਝ ਹੋਰ ਅਹਿਮ ਮੁੱਦਿਆਂ ’ਤੇ ਸੂਬੇ ਦੇ ਮੁੱਖ ਮੰਤਰੀ ਸੁਖਵਿੰਦਰ ਸਿੰਘ ਸੁੱਖੂ ਨਾਲ ਵੀਰਵਾਰ ਨੂੰ ਉਨ੍ਹਾਂ ਦੇ ਦਫ਼ਤਰ ਸ਼ਿਮਲਾ ਵਿਖ਼ੇ ਮੁਲਾਕਾਤ ਕੀਤੀ। ਚਰਚਾ ਉਪਰੰਤ ਮੁੱਖ ਮੰਤਰੀ ਹਿਮਾਚਲ ਪ੍ਰਦੇਸ਼ ਨੇ ਸਾਰੇ ਮਸੱਲਿਆਂ ਦੇ ਹੱਲ ਨੂੰ ਜਲਦੀ ਯਕੀਨੀ ਬਣਾਉਣ ਦਾ ਭਰੋਸਾ ਦਿੱਤਾ।



# 'ਡਾਇਮੰਡ ਸਟਾਰ' ਗੁਰਨਾਮ ਭੁੱਲਰ ਦੀ ਫ਼ਿਲਮ 'ਰੋਜ਼, ਰੋਜ਼ੀ ਤੇ ਗੁਲਾਬ' ਕੱਲ੍ਹ ਦੁਨੀਆ ਭਰ 'ਚ ਹੋਵੇਗੀ ਰਿਲੀਜ਼




ਪੰਜਾਬੀ ਫ਼ਿਲਮ ਇੰਡਸਟਰੀ ਦੇ 'ਡਾਇਮੰਡ ਸਟਾਰ' ਗੁਰਨਾਮ ਭੁੱਲਰ ਇਨ੍ਹੀਂ ਦਿਨੀਂ ਆਪਣੀ ਆਉਣ ਵਾਲੀ ਨਵੀਂ ਫ਼ਿਲਮ 'ਰੋਜ਼, ਰੋਜ਼ੀ ਤੇ ਗੁਲਾਬ' ਨੂੰ ਲੈ ਕੇ ਸੁਰਖੀਆਂ 'ਚ ਹਨ। ਫ਼ਿਲਮ 'ਚ ਗੁਰਨਾਮ ਭੁੱਲਰ, ਅਦਾਕਾਰਾ ਮਾਹੀ ਸ਼ਰਮਾ ਅਤੇ ਪ੍ਰਾਂਜਲ ਦਹੀਆ ਅਦਾਕਾਰੀ ਦੇ ਜੋਹਰ ਦਿਖਾਉਂਦੇ ਨਜ਼ਰ ਆਉਣਗੇ। ਇਹ ਫ਼ਿਲਮ ਕੱਲ੍ਹ ਯਾਨੀਕਿ 9 ਅਗਸਤ ਨੂੰ ਸਿਨੇਮਾਘਰਾਂ 'ਚ ਰਿਲੀਜ਼ ਹੋਣ ਜਾ ਰਹੀ ਹੈ। ਜਿਵੇਂ ਕਿ ਫ਼ਿਲਮ ਦੇ ਰਿਲੀਜ਼ ਹੋਣ 'ਚ ਹੁਣ ਕੁੱਝ ਹੀ ਘੰਟੇ ਬਚੇ ਹਨ। ਦੱਸ ਦਈਏ ਕਿ 9 ਅਗਸਤ 2024 ਨੂੰ ਰਿਲੀਜ਼ ਹੋਣ ਵਾਲੀ ਇਸ ਫ਼ਿਲਮ ਨੂੰ ਪ੍ਰੀਤ ਸੰਘਰੇੜੀ ਦੁਆਰਾ ਲਿਖਿਆ ਗਿਆ ਹੈ ਅਤੇ ਫ਼ਿਲਮ 'ਲੇਖ' ਫੇਮ ਨਿਰਦੇਸ਼ਕ ਮਨਵੀਰ ਬਰਾੜ ਨੇ ਇਸ ਦਾ ਨਿਰਦੇਸ਼ਨ ਹੈ। ਫ਼ਿਲਮ 'ਚ ਅਦਾਕਾਰ ਗੁਰਨਾਮ ਭੁੱਲਰ ਨੂੰ 'ਗੁਲਾਬ' ਨਾਂ ਦੇ ਕਿਰਦਾਰ 'ਚ ਦਿਖਾਇਆ ਗਿਆ ਹੈ, ਜੋ ਇੱਕ ਲੜਕੇ ਦੀ ਭੂਮਿਕਾ ਨਿਭਾਉਂਦਾ ਹੈ, ਜੋ ਆਪਣੀ ਸਿੰਗਲ ਲਾਈਫ ਤੋਂ ਤੰਗ ਆਇਆ ਹੋਇਆ ਹੈ। ਫਿਰ ਉਸ ਦੀ ਜ਼ਿੰਦਗੀ 'ਚ (ਪ੍ਰਾਂਜਲ ਦਹੀਆ) ਅਤੇ ਰੋਜ਼ੀ (ਮਾਹੀ ਸ਼ਰਮਾ) ਆਉਂਦੀਆਂ ਹਨ ਅਤੇ ਉਹ ਪ੍ਰੇਮ ਦੇ ਤਿਕੋਣ 'ਚ ਫਸ ਜਾਂਦਾ ਹੈ। ਬਾਕੀ ਕਹਾਣੀ ਤਾਂ ਫ਼ਿਲਮ ਦੇਖਣ ਤੋਂ ਬਾਅਦ ਹੀ ਪਤਾ ਲੱਗੇਗੀ। ਫ਼ਿਲਮ 'ਚ ਹਾਰਬੀ ਸੰਘਾ, ਅਨੀਤਾ ਸ਼ਬਦੀਸ਼, ਨੂਰ, ਸਤਿੰਦਰ ਕੌਰ, ਧਰਮਿੰਦਰ ਕੌਰ, ਰਮਨਦੀਪ ਜੱਗਾ ਵੀ ਅਹਿਮ ਕਿਰਦਾਰ ਨਿਭਾਅ ਰਹੇ ਹਨ।ਬਿੱਗ ਸੈਟਅੱਪ ਅਧੀਨ ਬਣਾਈ ਗਈ ਇਸ ਫ਼ਿਲਮ ਦਾ ਸੰਗੀਤ ਸਾਹਬਾਜ ਅਜਲ ਅਤੇ ਹਰਨੂਰ ਸ਼ਾਹਿਦ ਵੱਲੋਂ ਤਿਆਰ ਕੀਤਾ ਗਿਆ ਹੈ, ਜਦਕਿ ਐਕਸ਼ਨ ਦ੍ਰਿਸ਼ਾਂ ਦੀ ਕੋਰਿਓਗ੍ਰਾਫ਼ੀ ਮਹਿਬੂਬ ਸ਼ਾਹ ਦੁਆਰਾ ਅੰਜ਼ਾਮ ਦਿੱਤੀ ਗਈ ਹੈ। ਸਮਾਜਿਕ ਸਰੋਕਾਰਾਂ ਅਤੇ ਕ੍ਰਾਈਮ ਡਰਾਮਾ ਕਹਾਣੀ ਅਧਾਰਿਤ ਉਕਤ ਫ਼ਿਲਮ ਨੂੰ ਪਾਕਿਸਤਾਨ ਭਰ 'ਚ ਵੱਡੇ ਪੱਧਰ 'ਤੇ ਰਿਲੀਜ਼ ਕੀਤਾ ਜਾ ਰਿਹਾ ਹੈ, ਜਿਸ ਨੂੰ ਕੇਵਲ 'ਰੋਜ਼ ਰੋਜ਼ੀ ਤੇ ਗੁਲਾਬ' ਹੀ ਨਹੀਂ ਸਗੋਂ ਇਸ ਤੋਂ ਪਹਿਲਾਂ ਤੋਂ ਹੀ ਪਾਕਿਸਤਾਨੀ ਸਿਨੇਮਾ ਘਰਾਂ ਨੂੰ ਮੱਲੀ ਬੈਠੀਆਂ ਚੜ੍ਹਦੇ ਪੰਜਾਬ ਦੀਆਂ ਤਿੰਨ ਹੋਰ ਪੰਜਾਬੀ ਫ਼ਿਲਮਾਂ ਵੀ ਕੜ੍ਹੀ ਟੱਕਰ ਦੇਣਗੀਆਂ, ਜਿਨ੍ਹਾਂ 'ਚ 'ਜੱਟ ਐਂਡ ਜੂਲੀਅਟ 3', 'ਕੁੜੀ ਹਰਿਆਣੇ ਵੱਲ ਦੀ' ਅਤੇ ਬੀਤੇ ਦਿਨੀਂ ਰਿਲੀਜ਼ ਹੋਈ 'ਦਾਰੂ ਨਾ ਪੀਂਦਾ ਹੋਵੇ' ਸ਼ਾਮਲ ਹਨ, ਜਿਨ੍ਹਾਂ ਵਿਚਕਾਰ ਅਪਣੇ ਵਜੂਦ ਦਾ ਇਜ਼ਹਾਰ ਕਿੰਝ ਕਰਵਾਏਗੀ ਇਹ ਫ਼ਿਲਮ, ਇਸ ਨੂੰ ਲੈ ਕੇ ਸਿਨੇਮਾ ਆਲੋਚਕਾਂ 'ਚ ਵੀ ਕਾਫ਼ੀ ਉਤਸੁਕਤਾ ਪਾਈ ਜਾ ਰਹੀ ਹੈ।

ਦੂਜੇ ਪਾਸੇ ਜੇਕਰ ਭਾਰਤੀ ਪੰਜਾਬ ਦੀ ਫ਼ਿਲਮ 'ਰੋਜ਼ ਰੋਜ਼ੀ ਤੇ ਗੁਲਾਬ' ਦੀ ਗੱਲ ਕੀਤੀ ਜਾਵੇ ਤਾਂ ਇਸ ਰੋਮਾਂਟਿਕ ਡਰਾਮਾ ਅਤੇ ਕਾਮੇਡੀ ਫ਼ਿਲਮ 'ਚ ਗੁਰਨਾਮ ਭੁੱਲਰ, ਮਾਹੀ ਸ਼ਰਮਾ ਅਤੇ ਪ੍ਰਾਂਜਲ ਦਾਹੀਆ ਲੀਡਿੰਗ ਭੂਮਿਕਾਵਾਂ 'ਚ ਹਨ, ਜਿਨ੍ਹਾਂ ਦੇ ਸ਼ਾਨਦਾਰ ਅਭਿਨੈ ਨਾਲ ਸਜੀ ਇਸ ਫ਼ਿਲਮ ਦਾ ਨਿਰਦੇਸ਼ਨ ਮਨਵੀਰ ਬਰਾੜ, ਜਦਕਿ ਲੇਖਨ ਮਸ਼ਹੂਰ ਗੀਤਕਾਰ ਪ੍ਰੀਤ ਸੰਘਰੇੜੀ ਵੱਲੋਂ ਕੀਤਾ ਗਿਆ ਹੈ, ਜੋ ਇਸ ਫ਼ਿਲਮ ਨਾਲ ਪਾਲੀਵੁੱਡ 'ਚ ਬਤੌਰ ਲੇਖਕ ਨਵੀਂ ਅਤੇ ਪ੍ਰਭਾਵੀ ਪਾਰੀ ਦਾ ਆਗਾਜ਼ ਕਰਨ ਜਾ ਰਹੇ ਹਨ।



# ਭਗਤ ਪੂਰਨ ਸਿੰਘ ਪਿੰਗਲਵਾੜਾ (ਮਾਨਾਂਵਾਲਾ) ਵਿਖੇ ਪਹੁੰਚੀ ਫ਼ਿਲਮ 'ਬੀਬੀ ਰਜਨੀ' ਦੀ ਸਟਾਰ ਕਾਸਟ




ਚਿਰਾਂ ਤੋਂ ਉਡੀਕੀ ਜਾ ਰਹੀ ਪੰਜਾਬੀ ਫ਼ਿਲਮ 'ਬੀਬੀ ਰਜਨੀ' ਦੀ ਸਟਾਰ ਕਾਸਟ ਭਗਤ ਪੂਰਨ ਸਿੰਘ ਪਿੰਗਲਵਾੜਾ (ਮਾਨਾਂਵਾਲਾ) ਪਹੁੰਚੀ, ਜਿਥੇ ਉਨ੍ਹਾਂ ਦਾ ਸਥਾਨਕ ਭਾਈਚਾਰੇ ਵਲੋਂ ਨਿੱਘਾ ਤੇ ਦਿਲਕਸ਼ ਸੁਆਗਤ ਕੀਤਾ ਗਿਆ। ਉਨ੍ਹਾਂ ਨੇ ਆਪਣੀਆਂ ਕਹਾਣੀਆਂ ਤੇ ਪ੍ਰਮਾਤਮਾ 'ਤੇ ਵਿਸ਼ਵਾਸ ਦੀਆਂ ਕਹਾਣੀਆਂ ਸਭ ਨਾਲ ਸਾਂਝੀਆਂ ਕੀਤੀਆਂ ਤੇ ਸਤਿਕਾਰਤ ਸੰਸਥਾ 'ਚ ਸੰਗਤਾਂ ਤੇ ਬੱਚਿਆਂ ਨਾਲ ਡੂੰਘੀ ਸਾਂਝ ਪਾਈ। ਉਥੇ ਪਹੁੰਚ ਕੇ ਫ਼ਿਲਮ ਦੀ ਸਮੁੱਚੀ ਸਟਾਰ ਕਾਸਟ ਨੇ ਪਿੰਗਲਵਾੜੇ ਦੀ ਚੇਅਰਪਰਸਨ ਪਦਮ ਭੂਸ਼ਨ ਡਾ. ਇੰਦਰਜੀਤ ਕੌਰ ਨਾਲ ਵੀ ਮੁਲਾਕਾਤ ਕੀਤੀ।ਇਸ ਦੌਰੇ 'ਚ ਰੂਪੀ ਗਿੱਲ, ਜੱਸ ਬਾਜਵਾ, ਜਰਨੈਲ ਸਿੰਘ ਤੇ ਫ਼ਿਲਮ ਦੇ ਨਿਰਮਾਤਾ ਗੁਰਕਰਨ ਧਾਲੀਵਾਲ ਸਮੇਤ ਪ੍ਰਮੁੱਖ ਫ਼ਿਲਮ ਕਲਾਕਾਰਾਂ ਦੇ ਮੈਂਬਰਾਂ ਨੇ ਸ਼ਿਰਕਤ ਕੀਤੀ। ਪਿੰਗਲਵਾੜਾ ਵਿਖੇ ਉਨ੍ਹਾਂ ਦੀ ਮੌਜੂਦਗੀ ਨੇ ਸ਼ਰਧਾ ਤੇ ਫ਼ਿਲਮ ਦੇ ਮੁੱਖ ਥੀਮ ਨੂੰ ਉਜਾਗਰ ਕੀਤਾ। ਹਾਜ਼ਰੀਨ ਦਾ ਉਨ੍ਹਾਂ ਨੇ ਖੁੱਲ੍ਹੀਆਂ ਬਾਹਾਂ ਤੇ ਨਿੱਘੀ ਮੁਸਕਰਾਹਟ ਨਾਲ ਸਵਾਗਤ ਕੀਤਾ ਮੈਡ 4 ਫ਼ਿਲਮਜ਼ ਤੇ ਪੰਜਾਬ ਫ਼ਿਲਮ ਸਿਟੀ ਵਲੋਂ OAT ਫ਼ਿਲਮਜ਼ ਪ੍ਰੋਡਕਸ਼ਨਜ਼ ਦੇ ਸਹਿਯੋਗ ਨਾਲ ਪੇਸ਼ ਕੀਤੀ ਗਈ ਇਸ ਫ਼ਿਲਮ 'ਚ ਯੋਗਰਾਜ ਸਿੰਘ, ਗੁਰਪ੍ਰੀਤ ਘੁੱਗੀ ਤੇ ਬੀ. ਐੱਨ. ਸ਼ਰਮਾ ਮੁੱਖ ਭੂਮਿਕਾ ਨਿਭਾਅ ਰਹੇ ਹਨ।ਅਮਰ ਹੁੰਦਲ ਵਲੋਂ ਨਿਰਦੇਸ਼ਿਤ ਤੇ ਪਿੰਕੀ ਧਾਲੀਵਾਲ, ਗੁਰਕਰਨ ਧਾਲੀਵਾਲ ਤੇ ਨਿਤਿਨ ਤਲਵਾਰ ਵਲੋਂ ਨਿਰਮਿਤ ਫ਼ਿਲਮ 'ਬੀਬੀ ਰਜਨੀ' ਵਿਸ਼ਵਾਸ ਦੀ ਡੂੰਘੀ ਪੜਚੋਲ ਕਰਨ ਲਈ ਤਿਆਰ ਹੈ, ਉਸ ਪਰਮਾਤਮਾ 'ਤੇ ਰੱਖੇ ਭਰੋਸੇ ਦੇ ਨਾਲ ਇਸ ਦੁੱਖ ਭਰੀ ਜ਼ਿੰਦਗੀ 'ਚ ਚਾਣਨ ਦਾ ਦਿਵਾ ਜਗਾਉਂਦੀ ਹੈ ਤੇ ਹਰ ਕਿਤੇ ਉਸ ਪ੍ਰਮਾਤਮਾ ਦੀ ਹੋਂਦ ਦੀ ਕਹਾਣੀ ਨੂੰ ਦਰਸਾਉਂਦੀ ਹੈ। ਫ਼ਿਲਮ 'ਬੀਬੀ ਰਜਨੀ' 30 ਅਗਸਤ, 2024 ਨੂੰ ਸਿਨੇਮਾਘਰਾਂ 'ਚ ਰਿਲੀਜ਼ ਹੋਵੇਗੀ।

# ਮਸ਼ਹੂਰ ਗਾਇਕ ਕੁਮਾਰ ਸਾਨੂ ਨੇ ਇੰਡਸਟਰੀ ਨੂੰ ਲੈ ਕੇ ਕੀਤੀ ਸ਼ਿਕਾਇਤ



ਕੁਮਾਰ ਸਾਨੂ ਹਿੰਦੀ ਸਿਨੇਮਾ ਦੇ ਮਸ਼ਹੂਰ ਗਾਇਕਾਂ ਵਿੱਚੋਂ ਇੱਕ ਹਨ। ਉਹ 90 ਦੇ ਦਹਾਕੇ ਵਿੱਚ ਕਈ ਸੁਪਰਹਿੱਟ ਗੀਤ ਦੇਣ ਲਈ ਜਾਣੇ ਜਾਂਦੇ ਹਨ। ਅੱਜ ਵੀ ਕੋਈ ਵੀ ਪਾਰਟੀ, ਸਮਾਗਮ ਜਾਂ ਵਿਆਹ ਉਸ ਦੇ ਗੀਤਾਂ ਤੋਂ ਬਿਨਾਂ ਅਧੂਰਾ ਲੱਗਦਾ ਹੈ। ਜਦੋਂ ਵੀ ਉਹ ਗਾਉਣ ਲਈ ਸਟੇਜ 'ਤੇ ਆਉਂਦੇ ਹਨ ਤਾਂ ਉਹ ਆਪਣੀ ਆਵਾਜ਼ ਨਾਲ ਸੰਗੀਤ ਪ੍ਰੇਮੀਆਂ ਨੂੰ ਮੰਤਰਮੁਗਧ ਕਰ ਦਿੰਦੇ ਹਨ। ਹਾਲਾਂਕਿ, ਉਸ ਦੀ ਸ਼ਾਨਦਾਰ ਗਾਇਕੀ ਦੇ ਬਾਵਜੂਦ, ਉਸ ਦੇ ਗੀਤ ਅੱਜਕੱਲ੍ਹ ਫਿਲਮਾਂ 'ਚ ਘੱਟ ਹੀ ਸੁਣਨ ਨੂੰ ਮਿਲਦੇ ਹਨ। ਜਦੋਂ ਗਾਇਕ ਨੂੰ ਇਸ ਦਾ ਕਾਰਨ ਪੁੱਛਿਆ ਗਿਆ ਤਾਂ ਉਸ ਨੇ ਹੈਰਾਨ ਕਰਨ ਵਾਲਾ ਜਵਾਬ ਦਿੱਤਾ।ਆਪਣੇ ਇੱਕ ਇੰਟਰਵਿਊ ਦੌਰਾਨ ਕੁਮਾਰ ਸਾਨੂ ਨੇ ਕਿਹਾ ਕਿ ਉਨ੍ਹਾਂ ਦਾ ਹੁਣ ਤੱਕ ਦਾ ਸਫਰ ਬਹੁਤ ਵਧੀਆ ਰਿਹਾ ਹੈ ਅਤੇ ਇੰਡਸਟਰੀ 'ਚ ਉਨ੍ਹਾਂ ਨੂੰ ਕਾਫੀ ਸਨਮਾਨ ਮਿਲਦਾ ਹੈ। ਉਂਜ ਉਸ ਨੂੰ ਇਹ ਸਮਝ ਨਹੀਂ ਆ ਰਿਹਾ ਕਿ ਹਿੰਦੀ ਫ਼ਿਲਮਾਂ ਦੇ ਗੀਤਾਂ ਵਿੱਚ ਉਸ ਦੀ ਆਵਾਜ਼ ਕਿਉਂ ਨਹੀਂ ਵਰਤੀ ਜਾ ਰਹੀ। ਉਸ ਦਾ ਕਹਿਣਾ ਹੈ ਕਿ ਜਦੋਂ ਵੀ ਉਹ ਲੋਕਾਂ ਦੇ ਸਾਹਮਣੇ ਹੁੰਦਾ ਹੈ ਤਾਂ ਹਰ ਕੋਈ ਉਸ ਨੂੰ ਪਿਆਰ ਤੇ ਸਤਿਕਾਰ ਦਿੰਦਾ ਹੈ ਪਰ ਉਸ ਦੇ ਮਨ ਵਿਚ ਇਹ ਸਵਾਲ ਆਉਂਦਾ ਹੈ ਕਿ ਉਸ ਨੂੰ ਗਾਉਣ ਦਾ ਮੌਕਾ ਕਿਉਂ ਨਹੀਂ ਦਿੱਤਾ ਜਾਂਦਾ।ਉਨ੍ਹਾਂ ਨੇ ਇਹ ਵੀ ਦੱਸਿਆ ਕਿ ਹਾਲ ਹੀ ਵਿੱਚ ਉਨ੍ਹਾਂ ਨੇ ਅਮਰੀਕਾ ਵਿੱਚ ਕਈ ਲਾਈਵ ਸ਼ੋਅ ਕੀਤੇ ਅਤੇ ਉੱਥੇ ਲੋਕਾਂ ਨੇ ਉਨ੍ਹਾਂ ਦੀ ਆਵਾਜ਼ ਨੂੰ ਬਹੁਤ ਪਸੰਦ ਕੀਤਾ। ਕੁਮਾਰ ਸਾਨੂ ਨੇ ਕਿਹਾ, 'ਮੇਰਾ ਫੈਨ ਫਾਲੋਇੰਗ ਹੈ, ਅਤੇ ਮੇਰੇ ਸ਼ੋਅ ਹਮੇਸ਼ਾ ਵਿਕ ਜਾਂਦੇ ਹਨ। ਚੰਗਾ ਹੋਵੇਗਾ ਜੇਕਰ ਇੰਡਸਟਰੀ ਇਸ ਨੂੰ ਸਮਝ ਲਵੇ, ਨਹੀਂ ਤਾਂ ਇਹ ਉਨ੍ਹਾਂ ਦੀ ਬਦਕਿਸਮਤੀ ਹੋਵੇਗੀ। ਕੁਮਾਰ ਸਾਨੂ ਨੇ 'ਚੁਰਾ ਕੇ ਦਿਲ ਮੇਰਾ', 'ਦੋ ਦਿਲ ਮਿਲ ਰਹੇ ਹਨ' ਅਤੇ 'ਚੋਰੀ ਚੋਰੀ ਜਬ ਨਜ਼ਰਾਂ ਮਿਲੀ' ਵਰਗੇ ਕਈ ਸੁਪਰਹਿੱਟ ਗੀਤ ਦਿੱਤੇ ਹਨ। ਹਾਲ ਹੀ ਵਿੱਚ, ਉਨ੍ਹਾਂ ਨੇ ਫਿਲਮ 'ਦਮ ਲਗਾ ਕੇ ਹਈਸ਼ਾ' (2015) ਵਿੱਚ 'ਦਰਦ ਕਰਾਰਾ' ਅਤੇ 'ਸਿੰਬਾ' (2018) ਵਿੱਚ 'ਆਂਖ ਮਾਰੇ' ਵਰਗੇ ਗੀਤ ਗਾਏ ਹਨ।

# ਅਨੁਸ਼ਕਾ ਸ਼ਰਮਾ ਨੇ ਪੁੱਤਰ ਅਕਾਯ ਦੀ ਪਹਿਲੀ ਝਲਕ ਕੀਤੀ ਸਾਂਝੀ



ਬਾਲੀਵੁੱਡ ਅਦਾਕਾਰਾ ਅਨੁਸ਼ਕਾ ਸ਼ਰਮਾ ਅਤੇ ਵਿਰਾਟ ਕੋਹਲੀ ਦੀ ਲਵ ਕੈਮਿਸਟ੍ਰੀ ਪ੍ਰਸ਼ੰਸਕਾਂ ਵਿਚਾਲੇ ਅਕਸਰ ਸੁਰਖੀਆਂ ਦਾ ਵਿਸ਼ਾ ਬਣੀ ਰਹਿੰਦੀ ਹੈ। ਇਸ ਤੋਂ ਇਲਾਵਾ ਇਹ ਮਸ਼ਹੂਰ ਜੋੜਾ ਆਪਣੇ ਬੇਟੇ ਅਕਾਯ ਅਤੇ ਵਾਮਿਕਾ ਨੂੰ ਲੈ ਅਕਸਰ ਚਰਚਾ ਵਿੱਚ ਰਹਿੰਦਾ ਹੈ। ਹੁਣ ਅਦਾਕਾਰਾ ਨੇ ਪਹਿਲੀ ਵਾਰ ਆਪਣੇ ਪੁੱਤਰ ਦੀ ਝਲਕ ਸਾਂਝੀ ਕੀਤੀ ਹੈ। ਇਸ ਤਸਵੀਰ 'ਚ ਹਾਲਾਂਕਿ ਉਸ ਨੇ ਆਪਣੇ ਪੁੱਤਰ ਦਾ ਚਿਹਰਾ ਇਸ 'ਚ ਨਹੀਂ ਵਿਖਾਇਆ ।ਪਰ ਉਸ ਦੇ ਹੱਥ ਦੀ ਝਲਕ ਸਾਂਝੀ ਕੀਤੀ ਹੈ। ਜਿਸ 'ਚ ਤੁਸੀਂ ਵੇਖ ਸਕਦੇ ਹੋ ਕਿ ਅਦਾਕਾਰਾ ਦੇ ਪੁੱਤਰ ਦਾ ਹੱਥ ਆਈਸ ਕ੍ਰੀਮ ਦੇ ਨਾਲ ਲਿੱਬੜਿਆ ਹੋਇਆ ਨਜ਼ਰ ਆ ਰਿਹਾ ਹੈ।ਸੋਸ਼ਲ ਮੀਡੀਆ 'ਤੇ ਇਹ ਤਸਵੀਰ ਵਾਇਰਲ ਹੋ ਰਹੀ ਹੈ ਅਤੇ ਫੈਨਸ ਵੀ ਇਸ ਨੂੰ ਪਸੰਦ ਕਰ ਰਹੇ ਹਨ । ਇਸ ਤੋਂ ਪਹਿਲਾਂ ਅਦਾਕਾਰਾ ਦੇ ਘਰ ਧੀ ਦਾ ਜਨਮ ਹੋਇਆ ਸੀ । ਹਾਲਾਂਕਿ ਧੀ ਦੀਆਂ ਤਸਵੀਰਾਂ ਵੀ ਅਦਾਕਾਰਾ ਸਾਂਝੀਆਂ ਨਹੀਂ ਕਰਦੀ । ਇੱਕ ਵਾਰ ਉਸ ਦੀ ਧੀ ਦੀਆਂ ਤਸਵੀਰਾਂ ਸੋਸ਼ਲ ਮੀਡੀਆ 'ਤੇ ਵਾਇਰਲ ਜ਼ਰੂਰ ਹੋਈਆਂ ਸਨ। ਜਿਸ ਤੋਂ ਬਾਅਦ ਅਦਾਕਾਰਾ ਨੇ ਕਿਹਾ ਸੀ ਕਿ ਉਨ੍ਹਾਂ ਦੀ ਪ੍ਰਾਈਵੇਸੀ ਦਾ ਧਿਆਨ ਰੱਖਿਆ ਜਾਵੇ ।

# ਫੈਨਜ਼ ਦੇ ਬੱਚੇ ਨੂੰ ਪਿਆਰ ਕਰਦੀ ਨਜ਼ਰ ਆਈ ਦੀਪਿਕਾ



ਦੀਪਿਕਾ ਪਾਦੂਕੋਣ ਇਨ੍ਹੀਂ ਦਿਨੀਂ ਆਪਣੀ ਪ੍ਰੈਗਨੈਂਸੀ ਦੇ ਆਖਰੀ ਪੜਾਅ ਦਾ ਆਨੰਦ ਲੈ ਰਹੀ ਹੈ। ਉਹ ਜਲਦੀ ਹੀ ਪਤੀ ਰਣਵੀਰ ਸਿੰਘ ਦੇ ਪਹਿਲੇ ਬੱਚੇ ਦਾ ਸਵਾਗਤ ਕਰੇਗੀ। ਇਸ ਤੋਂ ਪਹਿਲਾਂ ਵੀ ਉਹ ਆਪਣੀ ਆਊਟਿੰਗ ਨਾਲ ਲੋਕਾਂ ਦਾ ਕਾਫੀ ਧਿਆਨ ਆਕਰਸ਼ਿਤ ਕਰ ਰਹੀ ਹੈ। ਹਾਲ ਹੀ 'ਚ ਜਦੋਂ ਮਾਂ ਬਣਨ ਵਾਲੀ ਦੀਪਿਕਾ ਨੂੰ ਮੁੰਬਈ 'ਚ ਦੇਖਿਆ ਗਿਆ ਸੀ, ਤਾਂ ਉਹ ਰਸਤੇ 'ਚ ਇੱਕ ਪ੍ਰਸ਼ੰਸਕ ਦੇ ਬੱਚੇ ਨੂੰ ਪਿਆਰ ਕਰਦੀ ਨਜ਼ਰ ਆਈ ਸੀ। ਅਦਾਕਾਰਾ ਦਾ ਇਹ ਵੀਡੀਓ ਕੁਝ ਹੀ ਸਮੇਂ 'ਚ ਇੰਟਰਨੈੱਟ 'ਤੇ ਵਾਇਰਲ ਹੋ ਗਿਆ, ਜਿਸ ਨੂੰ ਪ੍ਰਸ਼ੰਸਕ ਕਾਫੀ ਪਸੰਦ ਕਰ ਰਹੇ ਹਨ।ਵਾਇਰਲ ਹੋ ਰਹੀ ਵੀਡੀਓ 'ਚ ਦੇਖਿਆ ਜਾ ਸਕਦਾ ਹੈ ਕਿ ਇਸ ਦੌਰਾਨ ਗਰਭਵਤੀ ਦੀਪਿਕਾ ਹਰੇ ਰੰਗ ਦੇ ਫੁੱਲਦਾਰ ਕੁੜਤੇ ਅਤੇ ਚਿੱਟੇ ਪਜਾਮੇ 'ਚ ਬੇਹੱਦ ਖੂਬਸੂਰਤ ਲੱਗ ਰਹੀ ਸੀ। ਉਸ ਦੇ ਚਿਹਰੇ 'ਤੇ ਪ੍ਰੈਗਨੈਂਸੀ ਦੀ ਚਮਕ ਵੀ ਸਾਫ ਦਿਖਾਈ ਦੇ ਰਹੀ ਹੈ।ਇਸ ਦੌਰਾਨ ਜਿਵੇਂ ਹੀ ਦੀਪਿਕਾ ਇਕ ਰੈਸਟੋਰੈਂਟ ਤੋਂ ਬਾਹਰ ਨਿਕਲੀ ਤਾਂ ਪਾਪਰਾਜ਼ੀ ਉਸ ਦੀਆਂ ਤਸਵੀਰਾਂ ਖਿੱਚਣ ਲਈ ਆ ਗਏ। ਦੂਜੇ ਪਾਸੇ, ਪ੍ਰਸ਼ੰਸਕ ਵੀ ਉਸ ਨਾਲ ਸੈਲਫੀ ਖਿੱਚਣ ਲਈ ਆਉਂਦੇ ਹਨ। ਹਾਲਾਂਕਿ ਅਦਾਕਾਰਾ ਨੇ ਕਿਸੇ ਨੂੰ ਨਿਰਾਸ਼ ਨਹੀਂ ਕੀਤਾ ਪਰ ਉਹ ਹਰ ਕਿਸੇ ਨਾਲ ਫੋਟੋ ਖਿਚਵਾਉਂਦੀ ਰਹੀ। ਇਸ ਦੌਰਾਨ, ਉਹ ਇੱਕ ਪ੍ਰਸ਼ੰਸਕ ਦੇ ਬੱਚੇ ਨੂੰ ਪਿਆਰ ਕਰਦੀ ਅਤੇ ਫਿਰ ਉਸਦੇ ਨਾਲ ਪੋਜ਼ ਦਿੰਦੀ ਨਜ਼ਰ ਆਈ। ਦੀਪਿਕਾ ਦੇ ਇਸ ਅੰਦਾਜ਼ ਨੂੰ ਪ੍ਰਸ਼ੰਸਕ ਕਾਫੀ ਪਸੰਦ ਕਰ ਰਹੇ ਹਨ ਅਤੇ ਉਨ੍ਹਾਂ ਦੀ ਕਾਫੀ ਤਾਰੀਫ ਵੀ ਕਰ ਰਹੇ ਹਨ।ਤੁਹਾਨੂੰ ਦੱਸ ਦੇਈਏ ਕਿ ਰਣਵੀਰ ਸਿੰਘ ਅਤੇ ਦੀਪਿਕਾ ਪਾਦੂਕੋਣ ਦਾ ਵਿਆਹ 2018 'ਚ ਹੋਇਆ ਸੀ। ਹੁਣ ਵਿਆਹ ਦੇ 6 ਸਾਲ ਬਾਅਦ ਇਹ ਜੋੜਾ ਮਾਤਾ-ਪਿਤਾ ਬਣਨ ਜਾ ਰਿਹਾ ਹੈ। ਦੀਪਵੀਰ ਜਲਦ ਹੀ ਅਗਲੇ ਮਹੀਨੇ ਸਤੰਬਰ 'ਚ ਆਪਣੇ ਪਹਿਲੇ ਬੱਚੇ ਦਾ ਸਵਾਗਤ ਕਰਨਗੇ। ਇਹ ਜੋੜਾ ਪਹਿਲੀ ਵਾਰ ਮਾਤਾ-ਪਿਤਾ ਬਣਨ ਨੂੰ ਲੈ ਕੇ ਕਾਫੀ ਉਤਸ਼ਾਹਿਤ ਹੈ।

# ਸ਼ੋਅ ਦਿ ਲਾਫ਼ਟਰ ਸ਼ੈੱਫਜ਼ 'ਚ ਅਕਸ਼ੈ ਕੁਮਾਰ ਨੇ ਕਾਫੀ ਹਸਾਇਆ



ਬਾਲੀਵੁੱਡ ਅਭਿਨੇਤਾ ਅਕਸ਼ੈ ਕੁਮਾਰ ਜਦੋਂ ਆਪਣੇ ਸਹਿ-ਕਲਾਕਾਰ ਵਾਣੀ ਕਪੂਰ, ਐਮੀ ਵਿਰਕ, ਆਦਿੱਤਿਆ ਸੀਲ ਅਤੇ ਪ੍ਰਗਿਆ ਜੈਸਵਾਲ ਨਾਲ ਫਿਲਮ 'ਖੇਲ ਖੇਲ ਮੇਂ' ਦੀ ਪ੍ਰਮੋਸ਼ਨ ਲਈ 'ਦਿ ਲਾਫਟਰ ਸ਼ੈੱਫਜ਼' ਸ਼ੋਅ 'ਤੇ ਪਹੁੰਚੇ ਤਾਂ ਦਰਸ਼ਕਾਂ ਨੂੰ ਖੂਬ ਹਸਾਇਆ। ਕਲਾਕਾਰ ਸ਼ਰਾਰਤੀ ਤਾਂ ਹੁੰਦੇ ਹੀ ਹਨ, ਨਾਲ ਹੀ ਉਨ੍ਹਾਂ ਵੱਲੋਂ ਕੋਈ ਨਾ ਕੋਈ ਡਰਾਮਾ ਕਰਨ ਦੀ ਗੁੰਜਾਇਸ਼ ਵੀ ਰਹਿੰਦੀ ਹੀ ਹੈ। ਉੱਥੇ ਹੀ, ਸ਼ੋਅ 'ਚ ਅਕਸ਼ੈ ਕੁਮਾਰ ਨੇ ਇਕ ਰਹੱਸਮਈ ਔਰਤ ਨੂੰ ਆਪਣੀ ਟੀਮ ਦਾ ਹਿੱਸਾ ਬਣਾਇਆ ਅਤੇ ਉਸ ਨੂੰ ਸਹਿ-ਅਦਾਕਾਰ ਵਜੋਂ ਪੇਸ਼ ਕੀਤਾ। ਕਹਾਣੀ 'ਚ ਟਵਿਸਟ ਉਦੋਂ ਆਇਆ ਜਦੋਂ ਆਖਰਕਾਰ ਇਹ ਖੁਲਾਸਾ ਹੋਇਆ ਕਿ ਉਹ ਔਰਤ ਅਸਲ ਵਿਚ ਅਕਸ਼ੈ ਦੀ ਨਿੱਜੀ ਸ਼ੈੱਫ ਸੀ।ਅਕਸ਼ੈ ਦੀ ਇਸ ਸ਼ਰਾਰਤ ਨੇ ਸਭ ਨੂੰ ਹੈਰਾਨ ਕਰ ਦਿੱਤਾ। ਗੁਲਸ਼ਨ ਕੁਮਾਰ, ਟੀ-ਸੀਰੀਜ਼ ਤੇ ਵਕਾਉ ਫਿਲਮਜ਼ 'ਖੇਲ ਖੇਲ ਮੇਂ' ਦਾ ਨਿਰਮਾਣ ਕਰ ਰਹੇ ਹਨ। ਫਿਲਮ ਦਾ ਨਿਰਦੇਸ਼ਨ ਮੁਦੱਸਰ ਅਜ਼ੀਜ਼ ਨੇ ਕੀਤਾ ਹੈ। ਇਹ ਫਿਲਮ 15 ਅਗਸਤ ਨੂੰ ਦੇਸ਼ ਭਰ 'ਚ ਰਿਲੀਜ਼ ਹੋਵੇਗੀ।

# ਹਿੰਸਾ ਦੀ ਅੱਗ 'ਚ ਸੜਦਾ ਬ੍ਰਿਟੇਨ



ਬ੍ਰਿਟੇਨ ’ਚ ਬੁੱਧਵਾਰ ਪੂਰੀ ਰਾਤ ਚੱਲੀ ਦੰਗੇਬਾਜ਼ਾਂ ਦੀ ਫੜੋ-ਫੜੀ ਦੇ ਬਾਵਜੂਦ ਬ੍ਰਿਟੇਨ ਵਿਚ 29 ਜੁਲਾਈ ਨੂੰ ਸ਼ੁਰੂ ਹੋਈ ਦੰਗਿਆਂ ਦੀ ਅੱਗ ਘੱਟ ਹੋਣ ਦਾ ਨਾਂ ਨਹੀਂ ਲੈ ਰਹੀ। ਰਾਈਟ ਵਿੰਗ ਦੇ ਦੰਗੇਬਾਜ਼ ਗੋਰਿਆਂ ਨੇ ਅਗਲੇ ਹਫ਼ਤੇ ਫਿਰ ਬ੍ਰਿਟੇਨ ਦੇ ਵੱਖ-ਵੱਖ ਹਿੱਸਿਆਂ ਵਿਚ ਵਿਖਾਵਿਆਂ ਦਾ ਪ੍ਰੋਗਰਾਮ ਤਿਆਰ ਕੀਤਾ ਹੈ। ਪ੍ਰੋਗਰਾਮ ਮੁਤਾਬਕ 9 ਅਗਸਤ ਨੂੰ ਬੇਲਮੀਨਾ, 10 ਅਗਸਤ ਨੂੰ ਲਿਵਰਪੂਲ, ਨਿਊ ਕੈਸਲ, ਸ਼ਰੂਜ਼ਬਰੀ, ਸੈਲਫੋਰਡ, 17 ਅਗਸਤ ਨੂੰ ਟਾਂਟਨ, ਬਰਮਿੰਘਮ, ਡਾਵਰ, 18 ਅਗਸਤ ਨੂੰ ਬਰਨੀਮਾਊਥ, 7 ਸਤੰਬਰ ਨੂੰ ਗਲਾਸਗੋ ਅਤੇ 14 ਸਤੰਬਰ ਨੂੰ ਬਰਮਿੰਘਮ ਵਿਚ ਵਿਖਾਵਾ ਕੀਤਾ ਜਾ ਸਕਦਾ ਹੈ।

ਹਾਲਾਂਕਿ ਇੰਗਲੈਂਡ ਦੀ ਪੁਲਸ ਬੁੱਧਵਾਰ ਪੂਰਾ ਦਿਨ ਸੜਕਾਂ ’ਤੇ ਰਹੀ ਅਤੇ ਪੁਲਸ ਨੂੰ ਦੰਗੇਬਾਜ਼ਾਂ ਨਾਲ ਨਜਿੱਠਣ ਲਈ ਸਖਤ ਮਿਹਨਤ ਕਰਨੀ ਪਈ। ਵਿਖਾਵਿਆਂ ਨੂੰ ਰੋਕਣ ਲਈ ਪੁਲਸ ਨੇ ਬੁੱਧਵਾਰ ਰਾਤ ਭਰ ਆਪ੍ਰੇਸ਼ਨ ਚਲਾਇਆ। ਬ੍ਰਿਟੇਨ ਦੀ ਸਭ ਤੋਂ ਵੱਡੀ ਪੁਲਸ ਫੋਰਸ ਦੇ ਮੁਖੀ ਮਾਰਕ ਰੋਲੀ ਨੇ ਦੱਸਿਆ ਕਿ ਪੁਲਸ ਨੇ ਸਭ ਤੋਂ ਪਹਿਲਾਂ ਅਜਿਹੇ ਵਿਖਾਵਾਕਾਰੀਆਂ ਦੀ ਪਛਾਣ ਕੀਤੀ, ਜੋ ਹਿੰਸਾ ਫੈਲਾਉਣ ’ਚ ਸਭ ਤੋਂ ਅੱਗੇ ਸਨ। ਪੁਲਸ ਨੇ ਅਜਿਹੇ 20 ਵਿਖਾਵਾਕਾਰੀਆਂ ਨੂੰ ਗ੍ਰਿਫ਼ਤਾਰ ਕੀਤਾ ਹੈ ਜਿਨ੍ਹਾਂ ਵਿਚੋਂ 70 ਫੀਸਦੀ ਦਾ ਅਪਰਾਧਕ ਪਿਛੋਕੜ ਹੈ। ਇਸ ਮਾਮਲੇ ’ਚ ਲੰਡਨ ਦੀ ਮੈਟਰੋਪੋਲੀਟਨ ਪੁਲਸ ਨੇ ਵੀ ਕੇਂਦਰੀ ਪੁਲਸ ਫੋਰਸ ਦਾ ਸਾਥ ਦਿੱਤਾ ਅਤੇ ਸੜਕਾਂ ’ਤੇ ਵਿਖਾਵਾਕਾਰੀਆਂ ਨਾਲ ਨਜਿੱਠਣ ’ਚ ਜੁਟੀ ਰਹੀ। ਇਸ ਵਿਚਾਲੇ ਪੁਲਸ ਨੇ ਹੁਣ ਤਕ ਦੰਗਿਆਂ ਦੇ ਮਾਮਲੇ ’ਚ 483 ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਹੈ ਅਤੇ 149 ਵਿਅਕਤੀਆਂ ਖਿਲਾਫ ਦੋਸ਼ ਤੈਅ ਕੀਤੇ ਗਏ ਹਨ।ਸਾਊਥ ਪੋਰਟ ਦੀ ਮਸਜਿਦ ਦੇ ਬਾਹਰ ਦੰਗਾ ਕਰਨ ਦੇ ਦੋਸ਼ ਵਿਚ 43 ਸਾਲਾ ਜਾਨ ਓ ਮੈਲੇ ਨੂੰ ਸਜ਼ਾ ਸੁਣਾਈ ਗਈ ਹੈ। ਜਾਨ ਨੇ ਪਿਛਲੇ ਹਫਤੇ ਮਸਜਿਦ ਦੇ ਬਾਹਰ ਇਕ ਹਜ਼ਾਰ ਤੋਂ ਵੱਧ ਲੋਕਾਂ ਦੀ ਭੀੜ ਨਾਲ ਦੰਗਾ ਕੀਤਾ ਸੀ, ਜਦੋਂਕਿ 69 ਸਾਲਾ ਵਿਲੀਅਮ ਨੈਲਸਨ ਮੋਰਗਨ ਨੂੰ ਵੀ ਸਜ਼ਾ ਸੁਣਾਈ ਗਈ ਹੈ। ਦੋਵਾਂ ਨੂੰ 5 ਸਾਲ ਤੋਂ ਵੱਧ ਸਮੇਂ ਲਈ ਜੇਲ੍ਹ ਵਿਚ ਰਹਿਣਾ ਪਵੇਗਾ। ਮੋਰਗਨ ਨੇ ਲਿਵਰਪੂਲ ’ਚ ਜਾਨਲੇਵਾ ਹਥਿਆਰਾਂ ਦੇ ਨਾਲ ਵਿਖਾਵਾ ਕਰਨ ਦੀ ਗੱਲ ਮੰਨੀ ਸੀ। ਇਨ੍ਹਾਂ ਦੋਵਾਂ ਨੂੰ ਲਾਈਵ ਟੈਲੀਵਿਜ਼ਨ ’ਤੇ ਸੁਣਵਾਈ ਦੌਰਾਨ ਸਜ਼ਾ ਦੇਣ ਦਾ ਐਲਾਨ ਕੀਤਾ ਗਿਆ। ਇਨ੍ਹਾਂ ਦੋਵਾਂ ਤੋਂ ਇਲਾਵਾ ਕਈ ਹੋਰ ਮੁਲਜ਼ਮਾਂ ਖਿਲਾਫ ਵੀ ਅਦਾਲਤ ’ਚ ਸੁਣਵਾਈ ਜਾਰੀ ਹੈ ਅਤੇ ਜਲਦੀ ਹੀ ਹੋਰ ਲੋਕਾਂ ਨੂੰ ਵੀ ਸਜ਼ਾ ਦਾ ਐਲਾਨ ਹੋ ਸਕਦਾ ਹੈ। ਬੁੱਧਵਾਰ ਨੂੰ ਹੀ ਬ੍ਰਿਟੇਨ ਦੀਆਂ ਵੱਖ-ਵੱਖ ਅਦਾਲਤਾਂ ਨੇ ਦੰਗਿਆਂ ਵਿਚ ਸ਼ਾਮਲ 4 ਗੋਰਿਆਂ ਨੂੰ ਸਜ਼ਾ ਸੁਣਾਈ ਸੀ।ਬ੍ਰਿਟੇਨ ਵਿਚ ਚੱਲ ਰਹੇ ਦੰਗਿਆਂ ਨੇ ਦੂਨੀਆ ਨੂੰ 1934 ’ਚ ਵਰਥਿੰਗ ਸ਼ਹਿਰ ਵਿਚ ਹੋਏ ਦੰਗਿਆਂ ਦੀ ਯਾਦ ਦਿਵਾ ਦਿੱਤੀ ਹੈ। ਉਸ ਵੇਲੇ ਨਾਜ਼ੀ ਸਮਰਥਕ ਓਸਵਾਲਡ ਮੋਸਲੇ ਦੀ ਅਗਵਾਈ ’ਚ ਬ੍ਰਿਟਿਸ਼ ਯੂਨੀਅਨ ਆਫ ਫਾਸਿਸਟਸ ਦੇ ਮੈਂਬਰਾਂ ਤੇ ਫਾਸ਼ੀਵਾਦੀ ਵਿਖਾਵਾਕਾਰੀਆਂ ਵਿਚਾਲੇ ਟਕਰਾਅ ਤੋਂ ਬਾਅਦ ਦੰਗੇ ਹੋਏ ਸਨ ਅਤੇ ਲੜਾਈ ਉਸ ਵੇਲੇ ਤਕ ਜਾਰੀ ਰਹੀ ਸੀ ਜਦੋਂ ਤਕ ਪੁਲਸ ਨੇ ਕਈ ਫਾਸਿਸਟਾਂ ਨੂੰ ਗ੍ਰਿਫਤਾਰ ਨਹੀਂ ਕਰ ਲਿਆ। ਓਸਵਾਲਡ ਮੋਸਲੇ ਉਸ ਵੇਲੇ ਬ੍ਰਿਟੇਨ ਦੇ ਸਭ ਤੋਂ ਨੌਜਵਾਨ ਸੰਸਦ ਮੈਂਬਰਾਂ ਵਿਚੋਂ ਇਕ ਸਨ ਅਤੇ ਇਨ੍ਹਾਂ ਦੰਗਿਆਂ ਨੂੰ ਸਿਆਸੀ ਸਮਰਥਨ ਤੋਂ ਇਲਾਵਾ ਮੋਸਲੇ ਦੇ ਅਮੀਰ ਦੋਸਤਾਂ ਦਾ ਸਮਰਥਨ ਵੀ ਹਾਸਲ ਸੀ।‘ਡੇਲੀ ਮੇਲ’ ਦੇ ਮਾਲਕ ਵਿਸਕਾਊਂਟ ਰੋਦਰਮੇਰੇ ਵੀ ਵਿਖਾਵਾਕਾਰੀਆਂ ਦਾ ਸਮਰਥਨ ਕਰ ਰਹੇ ਸਨ ਅਤੇ ਉਨ੍ਹਾਂ ਇਸ ਦੌਰਾਨ ‘ਡੇਲੀ ਮੇਲ’ ਵਿਚ ਕੁਝ ਆਰਟੀਕਲ ਵੀ ਛਾਪੇ ਸਨ ਪਰ ਮੌਜੂਦਾ ਸਮੇਂ ’ਚ ਬ੍ਰਿਟੇਨ ਵਿਚ ਹੋ ਰਹੇ ਦੰਗਿਆਂ ਪਿੱਛੇ ਇਸ ਤਰ੍ਹਾਂ ਦਾ ਸਮਰਥਨ ਨਹੀਂ ਹੈ। ਬ੍ਰਿਟੇਨ ਵਿਚ ਹੋ ਰਹੇ ਇਹ ਦੰਗੇ ਕਿਤੇ ਨਾ ਕਿਤੇ ਯੂ. ਕੇ. ’ਚ ਹੇਠਲੇ ਵਰਗ ਵਿਚ ਵਿਵਸਥਾ ਪ੍ਰਤੀ ਫੈਲ ਰਹੇ ਗੁੱਸੇ ਦਾ ਨਤੀਜਾ ਹਨ। ਅਸਲ ’ਚ ਬ੍ਰਿਟੇਨ ਦੇ ਹੇਠਲੇ ਵਰਗ ਨੂੰ ਦਹਾਕਿਆਂ ਤੋਂ ਪੀੜ੍ਹੀ-ਦਰ-ਪੀੜ੍ਹੀ ਬੇਰੋਜ਼ਗਾਰੀ, ਗਰੀਬੀ ਤੇ ਬੋਰੀਅਤ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਅਤੇ ਉਨ੍ਹਾਂ ਨੂੰ ਆਰਥਿਕ ਤੌਰ ’ਤੇ ਆਪਣਾ ਭਵਿੱਖ ਵੀ ਬਹੁਤਾ ਚੰਗਾ ਨਜ਼ਰ ਨਹੀਂ ਆ ਰਿਹਾ। ਦੰਗਿਆਂ ਦੌਰਾਨ ਲੁੱਟੀਆਂ ਹੋਈਆਂ ਦੁਕਾਨਾਂ ਅਤੇ ਸ਼ਰਨਾਰਥੀਆਂ ਨੂੰ ਰੱਖਣ ਵਾਲੇ ਹੋਟਲਾਂ ’ਤੇ ਹਮਲਿਆਂ ਦਾ ਸੁਨੇਹਾ ਇਹ ਹੈ ਕਿ ਕੋਈ ਸਾਡੀ ਗੱਲ ਨਹੀਂ ਸੁਣ ਰਿਹਾ ਅਤੇ ਅਸੀਂ ਨਿਰਾਸ਼ ਹਾਂ। ਹਾਲਾਂਕਿ ਮੱਧ ਵਰਗ ਦੇ ਵਿਸ਼ਾਲ ਬਹੁਮਤ ਨੇ ਹਿੰਸਾ ਦੀ ਨਿੰਦਾ ਕੀਤੀ ਹੈ ਅਤੇ ਇਹ ਵਰਗ ਇਸ ਮਾਮਲੇ ’ਚ ਭੁਲੇਖੇ ਵਿਚ ਪਿਆ ਜ਼ਿਆਦਾ ਨਜ਼ਰ ਆ ਰਿਹਾ ਹੈ।ਪਿਛਲੇ 10 ਦਿਨਾਂ ਤੋਂ ਬ੍ਰਿਟੇਨ ਦੀਆਂ ਸੜਕਾਂ ’ਤੇ ਹੋ ਰਹੀ ਹਿੰਸਾ ਵਿਚਾਲੇ ਹੁਣ ਜਨਤਾ ਨੇ ਵੀ ਰਾਈਟ ਵਿੰਗ ਦੇ ਦੰਗੇਬਾਜ਼ ਗੋਰਿਆਂ ਖਿਲਾਫ ਸੜਕਾਂ ’ਤੇ ਉਤਰਨਾ ਸ਼ੁਰੂ ਕਰ ਦਿੱਤਾ ਹੈ। ਰਾਈਟ ਵਿੰਗ ਨੇ ਬੁੱਧਵਾਰ ਨੂੰ 100 ਥਾਵਾਂ ’ਤੇ ਵਿਖਾਵਾ ਕੀਤਾ ਤਾਂ ਇਸ ਦੇ ਜਵਾਬ ’ਚ 30 ਥਾਵਾਂ ’ਤੇ ਆਮ ਲੋਕਾਂ ਨੇ ਵੀ ਜਵਾਬੀ ਵਿਖਾਵਾ ਕੀਤਾ। ਪੁਲਸ ਮੁਤਾਬਕ 25 ਹਜ਼ਾਰ ਤੋਂ ਵੱਧ ਲੋਕ ਇਨ੍ਹਾਂ ਵਿਖਾਵਿਆਂ ਵਿਚ ਸ਼ਾਮਲ ਰਹੇ। ਪੁਲਸ ਦਾ ਦਾਅਵਾ ਹੈ ਕਿ ਜਨਤਾ ਦੇ ਸਹਿਯੋਗ ਅਤੇ ਪੁਲਸ ਦੀ ਸਰਗਰਮੀ ਕਾਰਨ ਹੁਣ ਰਾਈਟ ਵਿੰਗ ਦੇ ਵਿਖਾਵਾਕਾਰੀ ਕਮਜ਼ੋਰ ਪੈ ਰਹੇ ਹਨ ਪਰ ਇਸ ਦਾਅਵੇ ਦੇ ਬਾਵਜੂਦ ਬ੍ਰਿਟੇਨ ਵਿਚ ਅਜੇ ਤਕ ਸਥਿਤੀ ਆਮ ਵਰਗੀ ਨਹੀਂ ਹੋਈ ਅਤੇ ਲੋਕਾਂ ਵਿਚ ਡਰ ਦਾ ਮਾਹੌਲ ਵੇਖਣ ਨੂੰ ਮਿਲ ਰਿਹਾ ਹੈ। ਕਈ ਸ਼ਹਿਰਾਂ ਵਿਚ ਦੁਕਾਨਾਂ ਤੇ ਕਾਰੋਬਾਰ ਪੂਰੀ ਤਰ੍ਹਾਂ ਠੱਪ ਹੋ ਗਿਆ ਹੈ ਅਤੇ ਇਨ੍ਹਾਂ ਦੰਗਿਆਂ ਕਾਰਨ ਬ੍ਰਿਟੇਨ ਦੀ ਇਮੇਜ ਕੌਮਾਂਤਰੀ ਪੱਧਰ ’ਤੇ ਪ੍ਰਭਾਵਿਤ ਹੋ ਰਹੀ ਹੈ।

# ਕਾਮੇਡੀ ਕਿੰਗ ਬਾਲ ਮੁਕੰਦ ਸ਼ਰਮਾ ਦਾ ਇਟਲੀ ਪੁੱਜਣ 'ਤੇ ਭਰਵਾਂ ਸਵਾਗਤ



ਪਿਛਲੇ ਤਿੰਨ ਦਿਹਾਕਿਆਂ ਤੋਂ ਹਾਸਰਸ ਕਲਾਕਾਰ ਜਸਵਿੰਦਰ ਭੱਲਾ ਨਾਲ ਰਲ ਕੇ ਪੰਜਾਬੀਆਂ ਦੇ ਢਿੱਡੀ ਪੀੜਾਂ ਪਾਉਣ ਵਾਲੇ ਕਾਮੇਡੀ ਕਿੰਗ ਦੇ ਨਾਂ ਨਾਲ ਜਾਣੇ ਜਾਂਦੇ ਕਲਾਕਾਰ ਬਾਲ ਮੁਕੰਦ ਸ਼ਰਮਾ ਮੌਜੂਦਾ ਚੇਅਰਮੈਨ ਪੰਜਾਬ ਰਾਜ ਖੁਰਾਕ ਕਮਿਸ਼ਨ ਜੀ ਦਾ ਇਟਲੀ ਦੇ ਸ਼ਹਿਰ ਬਰੇਸ਼ੀਆ ਪਹੁੰਚਣ ਤੇ ਰੀਗਲ ਰੈਸਟੋਰੈਂਟ ਦੀ ਟੀਮ ਵੱਲੋਂ ਭਰਵਾਂ ਸਵਾਗਤ ਕੀਤਾ ਗਿਆ। ਸ਼ਰਮਾ ਨੂੰ ਫੁੱਲਾਂ ਦੇ ਗੁਲਦਸਤੇ ਫੁੱਲਾਂ ਕਰਦਿਆ ਲਖਵਿੰਦਰ ਸਿੰਘ ਡੋਗਰਾਂਵਾਲ ਨੇ ਦੱਸਿਆ ਕਿ ਬਾਲ ਮੁਕੰਦ ਸ਼ਰਮਾਂ ਜੀ ਦੇ ਛਣਕਾਟੇ ਵਾਲੀਆ ਕੈਸਿਟਾਂ ਸਭ ਨੇ ਸੁਣੀਆਂ ਨੇ ਤੇ ਉਹ ਮੌਜੂਦਾ ਸਰਕਾਰ ਵਿਚ ਚੇਅਰਮੈਨ ਦੇ ਤੌਰ 'ਤੇ ਅਹਿਮ ਭੂਮਿਕਾ ਨਿਭਾ ਰਹੇ ਹਨ। ਇਸ ਮੌਕੇ ਬਾਲ ਮੁਕੰਦ ਸ਼ਰਮਾ ਨੇ ਵਿਦੇਸ਼ਾਂ ਵਿੱਚ ਵੱਸਦੇ ਪੰਜਾਬੀਆਂ ਦੀ ਤਾਰੀਫ ਕਰਦੇ ਹੋਏ ਆਖਿਆ ਕਿ ਅਸੀਂ ਦੁਨੀਆ ਦੇ ਕਿਸੇ ਵੀ ਕੋਨੇ ਦੇ ਵਿੱਚ ਚਲੇ ਜਾਈਏ ਪੰਜਾਬੀ ਸਾਨੂੰ ਗਲ ਲਾਕੇ ਮੁਹੱਬਤ ਕਰਦੇ ਹਨ। ਜਿੰਨਾਂ ਮਾਣ ਸਤਿਕਾਰ ਪਹਿਲਾਂ ਮਿਲਦਾ ਸੀ ਅੱਜ ਵੀ ਉਸੇ ਤਰ੍ਹਾਂ ਪਿਆਰ ਕਰਦੇ ਹਨ। ਇਸ ਮੌਕੇ ਤੇ ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਲੀਡਰ ਲਖਵਿੰਦਰ ਸਿੰਘ ਡੋਗਰਾਵਾਲ , ਜਸਬੀਰ ਸਿੰਘ ਡੋਗਰਾਂਵਾਲ, ਮੋਹਨ ਸਿੰਘ ਦੁਰਗਾਪੁਰ ਜਗਮੀਤ ਸਿੰਘ ਦੁਰਗਾਪੁਰ ਅਤੇ ਸਤਿੰਦਰ ਸਿੰਘ ਗਾਜ਼ੀਪੁਰ ਮੌਜੂਦ ਸਨ। ਜਿਨਾਂ ਵੱਲੋਂ ਬਾਲ ਮੁਕੰਦ ਸ਼ਰਮਾ ਜੀ ਨੂੰ ਇਟਲੀ ਪਹੁੰਚਣ 'ਤੇ ਜੀ ਆਇਆ ਆਖਿਆ ਗਿਆ।

# ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਹਿਲੇ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਸਜਾਇਆ ਜਾਵੇਗਾ ਨਗਰ ਕੀਰਤਨ




ਦੇਸ਼-ਵਿਦੇਸ਼ ਵਿੱਚ ਵੱਸਦੀਆਂ ਸਿੱਖ ਸੰਗਤਾਂ ਵੱਲੋਂ ਧੰਨ ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਹਿਲਾ ਪ੍ਰਕਾਸ਼ ਪੁਰਬ ਦਿਹਾੜਾ ਬੜੀ ਹੀ ਸ਼ਰਧਾ ਭਾਵਨਾ ਅਤੇ ਚੜ੍ਹਦੀ ਕਲਾ ਦੇ ਨਾਲ ਮਨਾਇਆ ਜਾਂਦਾ ਹੈ। ਇਸੇ ਹੀ ਤਰ੍ਹਾਂ ਇਟਲੀ ਦੀਆਂ ਸੰਗਤਾਂ ਵੱਲੋਂ ਗੁਰਦੁਆਰਾ ਸਿੰਘ ਤੈਰਨੀ ਵਿਖੇ ਪਹਿਲੇ ਪ੍ਰਕਾਸ਼ ਦਿਹਾੜੇ ਨੂੰ ਮਨਾਉਣ ਲਈ ਇੱਕ ਮਹਾਨ ਨਗਰ ਕੀਰਤਨ 1 ਸਤੰਬਰ ਐਤਵਾਰ ਨੂੰ ਸਜਾਇਆ ਜਾਵੇਗਾ, ਜਿਸ ਸਬੰਧੀ ਜਾਣਕਾਰੀ ਸਾਂਝੀ ਕਰਦਿਆਂ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਆਗੂਆਂ ਨੇ ਦੱਸਿਆ ਕਿ ਸਥਾਨਿਕ ਸੰਗਤਾਂ ਵੱਲੋਂ ਧੰਨ ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਹਿਲੇ ਪ੍ਰਕਾਸ਼ ਦਿਹਾੜੇ ਨੂੰ ਧਿਆਨ ਵਿੱਚ ਰੱਖ ਕੇ ਪਿਛਲੇ ਕਈ ਸਾਲਾਂ ਤੋਂ ਲਗਾਤਾਰ ਨਗਰ ਕੀਰਤਨ ਸਜਾਏ ਜਾਂਦੇ ਹਨ। ਇਸ ਸਾਲ ਕਰਵਾਏ ਜਾ ਰਹੇ ਸਮਾਗਮਾਂ ਨੂੰ ਲੈਕੇ ਸੰਗਤਾਂ ਵਿੱਚ ਭਾਰੀ ਉਤਸ਼ਾਹ ਹੈ। ਇਸ ਮੌਕੇ ਆਈਆਂ ਹੋਈਆਂ ਸੰਗਤਾਂ ਨੂੰ ਗੁਰ ਇਤਿਹਾਸ ਸਰਵਣ ਕਰਵਾਉਣ ਦੇ ਲਈ ਢਾਡੀ ਸਿੰਘ ਤੇ ਕੀਰਤਨੀ ਜਥੇ ਪਹੁੰਚ ਰਹੇ ਹਨ। ਨਗਰ ਕੀਰਤਨ ਵਿਚ ਸ਼ਮਿਲ ਸੰਗਤਾਂ ਵੱਲੋ ਸ਼ਹਿਰ ਦੀ ਪਰਿਕਰਮਾ ਕੀਤੀ ਜਾਵੇਗੀ। ਇਸ ਮੌਕੇ ਨਗਰ ਕੌਂਸਲਰ ਦੇ ਅਧਿਕਾਰੀਆਂ ਤੋਂ ਇਲਾਵਾ ਇਟਲੀ ਦੇ ਵੱਖ-ਵੱਖ ਹਿੱਸਿਆਂ ਵਿੱਚੋਂ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਤੇ ਗੁਰੂ ਦੀਆਂ ਲਾਡਲੀਆਂ ਫੌਜਾਂ ਪਹੁੰਚ ਕਰਕੇ ਨਗਰ ਕੀਰਤਨ ਦੀਆਂ ਰੌਣਕਾਂ ਨੂੰ ਵਧਾਉਣਗੀਆਂ। ਨਿਹੰਗ ਸਿੰਘਾਂ ਦੁਆਰਾ ਗਤਕਾ ਕਲਾ ਦੇ ਜੌਹਰ ਵਿਖਾਏ ਜਾਣਗੇ। ਗੁਰੂ ਕੇ ਲੰਗਰ ਅਟੁੱਟ ਵਰਤਾਏ ਜਾਣਗੇ। ਦੱਸਣਯੋਗ ਹੈ ਕਿ ਇਟਲੀ ਦੀ ਰਾਜਧਾਨੀ ਰੋਮ ਤੋਂ 50 ਕੁ ਕਿਲੋਮੀਟਰ ਦੀ ਦੂਰੀ 'ਤੇ ਵਸੇ ਹੋਏ ਸ਼ਹਿਰ ਤੈਰਨੀ ਦੇ ਵਿੱਚ ਬਹੁਤ ਸਾਰੇ ਪਰਿਵਾਰ ਰਹਿੰਦੇ ਹਨ, ਜਿਨਾਂ ਵੱਲੋਂ ਹਰ ਸਾਲ ਪ੍ਰਕਾਸ਼ ਪੁਰਬ ਦਿਹਾੜੇ ਨੂੰ ਬੜੇ ਹੀ ਉਤਸ਼ਾਹ ਨਾਲ ਮਨਾਇਆ ਜਾਂਦਾ ਹੈ।

# ਕੈਨੇਡਾ ਪੁੱਜੇ ਬਾਬਾ ਜੀਤ ਸਿੰਘ ਹੋਤੀ ਮਰਦਾਨ ਵਾਲੇ



ਹੋਤੀ ਮਰਦਾਨ ਸੰਪਰਦਾਇ ਨਾਲ ਸਬੰਧਿਤ ਨਿਰਮਲ ਕੁਟੀਆ ਜੋਹਲਾਂ (ਜਲੰਧਰ) ਦੇ ਮੁੱਖੀ ਬਾਬਾ ਜੀਤ ਸਿੰਘ ਕੈਨੇਡਾ ਫੇਰੀ ਦੌਰਾਨ ਬੀਤੀ ਸ਼ਾਮ ਵੈਨਕੂਵਰ ਸਥਿਤ ਕੌਮਾਂਤਰੀ ਹਵਾਈ ਅੱਡੇ ’ਤੇ ਪੁੱਜੇ, ਜਿੱਥੇ ਉਨ੍ਹਾਂ ਦਾ ਨਿੱਘਾ ਸਵਾਗਤ ਕੀਤਾ ਗਿਆ।ਬਾਬਾ ਜੀਤ ਸਿੰਘ ਆਪਣੀ ਇਸ ਧਾਰਮਿਕ ਫ਼ੇਰੀ ਦੌਰਾਨ 6 ਅਤੇ 7 ਅਗਸਤ ਨੂੰ ਸਰੀ ਸਥਿਤ ਗੁ: ਦੁਖ ਨਿਵਾਰਨ ਸਾਹਿਬ ਵਿਖੇ ਸ਼ਾਮੀਂ 7:30 ਤੋਂ 8:15 ਵਜੇ ਤੀਕ, 8 ਅਗਸਤ ਸ਼ਾਮ ਨੂੰ ਗੁ: ਸੁਰ ਸਾਗਰ ਮਸਤੂਆਣਾ ਸਾਹਿਬ ਵਿਖੇ ਅਤੇ 9-10 ਅਗਸਤ ਸ਼ਾਮ ਨੂੰ ਗੁ: ਨਾਨਕਸਰ ਸਾਹਿਬ ਵਿਖੇ ਕੀਰਤਨ ਸਮਾਗਮ ਦੌਰਾਨ ਸੰਗਤਾਂ ਨਾਲ ਗੁਰਮਤਿ ਵਿਚਾਰਾਂ ਦੀ ਸਾਂਝ ਪਾਉਣਗੇ।

# ਟਰੰਪ ਤੇ ਹੈਰਿਸ 10 ਸਤੰਬਰ ਨੂੰ ਰਾਸ਼ਟਰਪਤੀ ਚੋਣ ਲਈ ਕਰਨਗੇ ਬਹਿਸ



ਅਮਰੀਕਾ 'ਚ ਇਸ ਸਾਲ ਹੋਣ ਵਾਲੀਆਂ ਰਾਸ਼ਟਰਪਤੀ ਚੋਣਾਂ 'ਚ ਰਿਪਬਲਿਕਨ ਉਮੀਦਵਾਰ ਡੋਨਾਲਡ ਟਰੰਪ ਅਤੇ ਡੈਮੋਕ੍ਰੇਟਿਕ ਉਮੀਦਵਾਰ ਕਮਲਾ ਹੈਰਿਸ 10 ਸਤੰਬਰ ਨੂੰ ਹੋਣ ਵਾਲੀ ਚੋਣ ਬਹਿਸ ਲਈ ਸਹਿਮਤ ਹੋ ਗਏ ਹਨ, ਜਿਸ 'ਚ ਦੋਵੇਂ ਉਮੀਦਵਾਰ ਇਕ-ਦੂਜੇ ਦਾ ਸਾਹਮਣਾ ਕਰਨਗੇ। ਅਮਰੀਕੀ ਵਪਾਰਕ ਟੈਲੀਵਿਜ਼ਨ ਪ੍ਰਸਾਰਣ ਨੈੱਟਵਰਕ 'ਅਮਰੀਕਨ ਬ੍ਰੌਡਕਾਸਟਿੰਗ ਕੰਪਨੀ' (ਏਬੀਸੀ) ਨੇ ਇਹ ਜਾਣਕਾਰੀ ਦਿੱਤੀ। ਇਸ ਘੋਸ਼ਣਾ ਤੋਂ ਕੁਝ ਸਮਾਂ ਪਹਿਲਾਂ, ਟਰੰਪ ਨੇ ਇੱਕ ਪ੍ਰੈਸ ਕਾਨਫਰੰਸ ਵਿੱਚ ਕਿਹਾ ਸੀ ਕਿ ਉਸਨੇ ਰਾਸ਼ਟਰਪਤੀ ਚੋਣ ਪ੍ਰਕਿਰਿਆ ਦੇ ਹਿੱਸੇ ਵਜੋਂ ਤਿੰਨ ਟੈਲੀਵਿਜ਼ਨ ਨੈਟਵਰਕਾਂ ਨੂੰ ਤਿੰਨ ਬਹਿਸਾਂ ਦਾ ਪ੍ਰਸਤਾਵ ਦਿੱਤਾ ਸੀ। ਉਨ੍ਹਾਂ ਕਿਹਾ ਕਿ ਉਹ ਸਤੰਬਰ ਵਿੱਚ ਕੁਝ ਤਰੀਕਾਂ 'ਤੇ ਸਹਿਮਤ ਹੋਏ ਸਨ। ਇਸ ਸਾਲ ਹੋਣ ਵਾਲੀ ਰਾਸ਼ਟਰਪਤੀ ਚੋਣ ਪ੍ਰਕਿਰਿਆ ਦੇ ਹਿੱਸੇ ਵਜੋਂ, ਟਰੰਪ ਅਤੇ ਸਾਬਕਾ ਡੈਮੋਕ੍ਰੇਟਿਕ ਪਾਰਟੀ ਦੇ ਉਮੀਦਵਾਰ ਜੋਅ ਬਾਈਡੇਨ ਵਿਚਕਾਰ ਪਹਿਲੀ ਬਹਿਸ ਹੋਈ। ਇਸ ਬਹਿਸ ਵਿੱਚ ਮੌਜੂਦਾ ਅਮਰੀਕੀ ਰਾਸ਼ਟਰਪਤੀ ਬਾਈਡੇਨ ਦੇ ਖ਼ਰਾਬ ਪ੍ਰਦਰਸ਼ਨ ਤੋਂ ਬਾਅਦ ਉਨ੍ਹਾਂ 'ਤੇ ਆਪਣੀ ਉਮੀਦਵਾਰੀ ਛੱਡਣ ਦਾ ਚਾਰੇ ਪਾਸੇ ਦਬਾਅ ਸੀ। ਬਾਅਦ ਵਿੱਚ, ਬਾਈਡੇਨ ਨੇ ਆਪਣੀ ਉਮੀਦਵਾਰੀ ਛੱਡ ਦਿੱਤੀ ਅਤੇ ਇਸ ਲਈ ਹੈਰਿਸ ਦਾ ਨਾਮ ਪ੍ਰਸਤਾਵਿਤ ਕੀਤਾ।


# ਬ੍ਰਿਟੇਨ ਨੇ ਫੈਮਿਲੀ ਵੀਜ਼ਾ ਦੀ ਆਮਦਨ ਸੀਮਾ ਘਟਾਈ





ਬ੍ਰਿਟੇਨ ਦੀ ਨਵੀਂ ਲੇਬਰ ਸਰਕਾਰ ਨੇ ਵਿਦੇਸ਼ੀ ਭਾਰਤੀ ਪੇਸ਼ੇਵਰਾਂ ਦੇ ਹੱਕ ਵਿੱਚ ਵੱਡਾ ਫ਼ੈਸਲਾ ਲਿਆ ਹੈ। ਹੁਣ ਫੈਮਿਲੀ ਵੀਜ਼ਾ ਲਈ ਸਾਲਾਨਾ ਆਮਦਨ ਸੀਮਾ 41 ਲੱਖ ਰੁਪਏ ਤੋਂ ਘਟਾ ਕੇ 30 ਲੱਖ ਰੁਪਏ ਕਰ ਦਿੱਤੀ ਗਈ ਹੈ। ਇਸ ਨਾਲ ਬ੍ਰਿਟੇਨ 'ਚ ਰਹਿ ਰਹੇ 50 ਹਜ਼ਾਰ ਤੋਂ ਜ਼ਿਆਦਾ ਭਾਰਤੀ ਪੇਸ਼ੇਵਰਾਂ ਨੂੰ ਫ਼ਾਇਦਾ ਹੋਵੇਗਾ।

ਸਾਬਕਾ ਰਿਸ਼ੀ ਸੁਨਕ ਸਰਕਾਰ ਨੇ ਪ੍ਰਵਾਸੀਆਂ ਦੀ ਗਿਣਤੀ ਘਟਾਉਣ ਲਈ ਆਮਦਨ ਸੀਮਾ 30 ਲੱਖ ਰੁਪਏ ਤੋਂ ਵਧਾ ਕੇ 41 ਲੱਖ ਰੁਪਏ ਕਰ ਦਿੱਤੀ ਸੀ। ਇਸ ਕਾਰਨ ਭਾਰਤੀਆਂ ਦੇ ਪਰਿਵਾਰਕ ਵੀਜ਼ਿਆਂ ਵਿੱਚ ਭਾਰੀ ਕਮੀ ਆਈ। 2023 ਵਿੱਚ ਜਿੱਥੇ 55 ਹਜ਼ਾਰ ਨੇ ਫੈਮਿਲੀ ਵੀਜ਼ਾ ਲਈ ਅਪਲਾਈ ਕੀਤਾ ਸੀ, ਉੱਥੇ ਜੁਲਾਈ 2024 ਤੱਕ ਸਿਰਫ਼ 33 ਹਜ਼ਾਰ ਨੇ ਅਪਲਾਈ ਕੀਤਾ ਸੀ। ਬ੍ਰਿਟੇਨ ਦੀ ਗ੍ਰਹਿ ਮੰਤਰੀ ਯਵੇਟ ਕੂਪਰ ਨੇ ਕਿਹਾ ਕਿ ਸੁਨਕ ਸਰਕਾਰ ਦਾ ਫ਼ੈਸਲਾ ਭਾਰਤੀ ਹਿੱਤਾਂ ਦੇ ਉਲਟ ਸੀ, ਅਸੀਂ ਇਸ ਨੂੰ ਉਲਟਾ ਦਿੱਤਾ ਹੈ।ਬ੍ਰੈਗਜ਼ਿਟ ਕਾਰਨ ਯੂਰਪ ਦੇ ਦੂਜੇ ਦੇਸ਼ਾਂ ਤੋਂ ਆਈ.ਟੀ, ਏ.ਆਈ ਅਤੇ ਮੈਡੀਕੋ ਪੇਸ਼ੇਵਰ ਬ੍ਰਿਟੇਨ ਨਹੀਂ ਜਾ ਰਹੇ ਹਨ। ਇਸ ਸਾਲ ਬ੍ਰਿਟੇਨ ਨੇ ਅਰਥਵਿਵਸਥਾ 'ਚ 0.8 ਫ਼ੀਸਦੀ ਦੀ ਵਿਕਾਸ ਦਰ ਹਾਸਲ ਕਰਨ ਲਈ 50 ਹਜ਼ਾਰ ਭਾਰਤੀ ਪੇਸ਼ੇਵਰਾਂ ਨੂੰ ਸੱਦਾ ਦੇਣ ਦਾ ਟੀਚਾ ਰੱਖਿਆ ਹੈ। ਬ੍ਰਿਟੇਨ ਦੀ ਰਾਸ਼ਟਰੀ ਸਿਹਤ ਯੋਜਨਾ (NHS) ਭਾਰਤੀ ਪੇਸ਼ੇਵਰਾਂ 'ਤੇ ਨਿਰਭਰ ਹੈ। ਇੱਥੇ ਹਰ 10 ਵਿੱਚੋਂ ਦੋ ਡਾਕਟਰ ਭਾਰਤੀ ਹਨ ਅਤੇ ਨਰਸਾਂ ਵਿੱਚ ਵੀ ਹਰ 10 ਵਿੱਚੋਂ ਤਿੰਨ ਭਾਰਤੀ ਹਨ। ਅਜਿਹੇ 'ਚ ਬ੍ਰਿਟੇਨ ਭਾਰਤੀ ਮੈਡੀਕਲ ਪੇਸ਼ੇਵਰਾਂ ਨੂੰ ਗੁਆਉਣਾ ਨਹੀਂ ਚਾਹੁੰਦਾ ਹੈ।


# ਹਰਿਦਵਾਰ 'ਚ ਚੋਟੀ ਦੇ ਸਭ ਤੋਂ ਮਸ਼ਹੂਰ ਮੰਦਰ



ਬਿਲਵਾ ਪਰਵਤ ਦੇ ਸਿਖਰ 'ਤੇ ਸਥਿਤ, ਇਹ ਮੰਦਰ ਦੇਵੀ ਮਨਸਾ ਦੇਵੀ ਨੂੰ ਸਮਰਪਿਤ ਹੈ। ਇਹ ਹਰਿਦੁਆਰ ਦੇ ਸਾਰੇ ਮੰਦਰਾਂ ਵਿੱਚੋਂ ਦੇਵੀ ਦਾ ਨਿਵਾਸ ਹੋਣ ਲਈ ਮਸ਼ਹੂਰ ਹੈ, ਜਿਸ ਨੂੰ ਦੇਵੀ ਸ਼ਕਤੀ ਦਾ ਅਵਤਾਰ ਮੰਨਿਆ ਜਾਂਦਾ ਹੈ। ਕਥਾ ਦੇ ਅਨੁਸਾਰ, ਉਹ ਭਗਵਾਨ ਸ਼ਿਵ ਦੇ ਮਨ ਤੋਂ ਪੈਦਾ ਹੋਈ ਸੀ। 'ਮਾਨਸਾ' ਸ਼ਬਦ ਇਸ ਵਿਸ਼ਵਾਸ ਦੇ ਸੰਦਰਭ ਵਿੱਚ ਮੰਨਿਆ ਜਾਂਦਾ ਹੈ ਕਿ ਕੋਈ ਵੀ ਸ਼ਰਧਾਲੂ ਜੋ ਉਸ ਨੂੰ ਇਮਾਨਦਾਰੀ ਅਤੇ ਇਮਾਨਦਾਰੀ ਨਾਲ ਪ੍ਰਾਰਥਨਾ ਕਰਦਾ ਹੈ, ਉਸ ਦੀ ਇੱਛਾ ਪੂਰੀ ਹੋ ਜਾਂਦੀ ਹੈ। ਮਾਨਸਾ ਦਾ ਸ਼ਾਬਦਿਕ ਅਨੁਵਾਦ 'ਇੱਛਾ' ਹੈ। ਦਰਅਸਲ, ਮਨਸਾ ਦੇਵੀ ਹਰਿਦੁਆਰ ਵਿਖੇ ਸਭ ਤੋਂ ਮਸ਼ਹੂਰ ਰਸਮਾਂ ਵਿੱਚੋਂ ਇੱਕ ਹੈ ਮੰਦਰ ਦੇ ਦਰੱਖਤ ਦੀਆਂ ਟਾਹਣੀਆਂ ਉੱਤੇ ਧਾਗੇ ਬੰਨ੍ਹਣਾ। ਵਾਸਤਵ ਵਿੱਚ, ਇੱਕ ਵਾਰ ਜਦੋਂ ਉਹ ਆਸ਼ੀਰਵਾਦ ਪ੍ਰਾਪਤ ਹੋ ਜਾਂਦਾ ਹੈ, ਤਾਂ ਸ਼ਰਧਾਲੂ ਮਨਸਾ ਦੇਵੀ ਹਰਿਦੁਆਰ ਵਾਪਸ ਚਲੇ ਜਾਂਦੇ ਹਨ ਅਤੇ ਰੁੱਖ ਤੋਂ ਧਾਗਾ ਖੋਲ੍ਹਦੇ ਹਨ। ਸਥਾਨ ਦੇ ਅਨੁਸਾਰ, ਇਹ ਗੰਗਾ ਨਦੀ ਦਾ ਇੱਕ ਸ਼ਾਨਦਾਰ ਦ੍ਰਿਸ਼ ਪੇਸ਼ ਕਰਦਾ ਹੈ. ਕਿਉਂਕਿ ਇਸ ਮੰਦਰ ਨੂੰ ਅਜਿਹਾ ਪਵਿੱਤਰ ਅਤੇ ਸ਼ੁਭ ਸਥਾਨ ਮੰਨਿਆ ਜਾਂਦਾ ਹੈ, ਇਸ ਲਈ ਇਹ ਆਸਾਨੀ ਨਾਲ ਨੈਵੀਗੇਟ ਕਰਨ ਯੋਗ ਨਹੀਂ ਹੈ। ਇਹ ਜਾਂ ਤਾਂ ਟ੍ਰੈਕਿੰਗ ਦੁਆਰਾ ਜਾਂ 'ਮਨਸਾ ਦੇਵੀ ਉਡੰਖਡੋਲਾ' ਨਾਮਕ ਰੋਪਵੇਅ ਦੀ ਵਰਤੋਂ ਕਰਕੇ ਪਹੁੰਚਿਆ ਜਾ ਸਕਦਾ ਹੈ। ਇਹ ਵੀ ਤਿੰਨ ਸਿੱਧ ਪੀਠਾਂ ਵਿੱਚੋਂ ਇੱਕ ਹੈ। ਬਾਕੀ ਦੋ ਚੰਡੀ ਦੇਵੀ ਹਰਿਦੁਆਰ ਅਤੇ ਮਾਇਆ ਦੇਵੀ ਹਰਿਦੁਆਰ ਹਨ।



ਮਨਸਾ ਦੇਵੀ ਹਰਿਦੁਆਰ ਵਾਂਗ ਚੰਡੀ ਦੇਵੀ ਮੰਦਰ ਤਿੰਨਾਂ ਵਿੱਚੋਂ ਦੂਜਾ ਸਿੱਧ ਪੀਠ ਹੈ। ਇਹ ਦੇਵੀ ਚੰਦਾ ਦੇਵੀ ਨੂੰ ਸਮਰਪਿਤ ਹੈ। ਕਿਉਂਕਿ ਇਹ ਭਾਰਤ ਦੇ ਸਭ ਤੋਂ ਪ੍ਰਾਚੀਨ ਮੰਦਰਾਂ ਵਿੱਚੋਂ ਇੱਕ ਹੈ, ਇਹ ਹਿੰਦੂ ਧਰਮ ਵਿੱਚ ਬਹੁਤ ਸਤਿਕਾਰਯੋਗ ਹੈ। ਕੁੰਭ ਮੇਲੇ, ਨਵਰਾਤਰੀ ਅਤੇ ਚੰਡੀ ਚੌਦਸ ਦੇ ਤਿਉਹਾਰ ਦੌਰਾਨ ਸ਼ਰਧਾਲੂ ਵਿਸ਼ੇਸ਼ ਤੌਰ 'ਤੇ ਉੱਥੇ ਜਾਂਦੇ ਹਨ। ਸਥਾਨ ਦੇ ਅਨੁਸਾਰ, ਚੰਡੀ ਦੇਵੀ ਹਰਿਦੁਆਰ ਇੱਕ ਮੰਦਰ ਦੇ ਬਹੁਤ ਨੇੜੇ ਹੈ ਜੋ ਹਨੂੰਮਾਨ, ਅੰਜਨਾ ਦੀ ਮਾਂ ਨੂੰ ਸ਼ਰਧਾਂਜਲੀ ਭੇਟ ਕਰਦਾ ਹੈ, ਅਤੇ ਸ਼ਰਧਾਲੂ ਆਮ ਤੌਰ 'ਤੇ ਦੋਵਾਂ ਨੂੰ ਇਕੱਠੇ ਦੇਖਣ ਦੀ ਯੋਜਨਾ ਬਣਾਉਂਦੇ ਹਨ। ਕਿਉਂਕਿ ਸਥਾਨ ਹਰ ਕੀ ਪੌੜੀ ਤੋਂ ਚਾਰ ਕਿਲੋਮੀਟਰ ਦੂਰ ਹੈ, ਤੁਸੀਂ ਜਾਂ ਤਾਂ ਸਹੀ ਸਥਾਨ 'ਤੇ ਜਾ ਸਕਦੇ ਹੋ ਜਾਂ 'ਚੰਡੀ ਦੇਵੀ ਉਡੰਖਡੋਲਾ' ਨਾਮਕ ਰੋਪਵੇਅ ਦੀ ਵਰਤੋਂ ਕਰ ਸਕਦੇ ਹੋ। ਹਰਿਦੁਆਰ ਮੰਦਰ ਦੇ ਸਮੇਂ ਅਨੁਸਾਰ ਸਵੇਰ ਦੀ ਆਰਤੀ ਸਵੇਰੇ 5.30 ਵਜੇ ਹੁੰਦੀ ਹੈ ਜੋ ਜ਼ਿਆਦਾਤਰ ਸ਼ਰਧਾਲੂ ਹਨ। ਹਾਜ਼ਰ ਹੋਣ ਦਾ ਉਦੇਸ਼ ਹੈ, ਅਤੇ ਇਹ ਉਹਨਾਂ ਦੁਆਰਾ ਬਹੁਤ ਸਤਿਕਾਰਯੋਗ ਹੈ। ਮਿਥਿਹਾਸ ਦੇ ਅਨੁਸਾਰ, ਚੰਡੀ ਦੇਵੀ ਦੇਵੀ ਪਾਰਵਤੀ ਦਾ ਇੱਕ ਅਵਤਾਰ ਹੈ, ਜਿਸ ਨੇ ਸ਼ੁੰਭ ਅਤੇ ਨਿਸ਼ੁੰਬਾ ਨੂੰ ਹਰਾਉਣ ਲਈ ਇਹ ਰੂਪ ਲਿਆ ਸੀ।



'ਹਰਿ ਕੀ ਪਉੜੀ' ਦਾ ਸ਼ਾਬਦਿਕ ਅਨੁਵਾਦ 'ਸ਼ਿਵ ਦੇ ਕਦਮਾਂ' ਵਿੱਚ ਕੀਤਾ ਗਿਆ ਹੈ। ਇਹ ਪਵਿੱਤਰ ਨਦੀ ਗੰਗਾ ਦੇ ਕੰਢੇ 'ਤੇ ਸਥਿਤ ਘਾਟਾਂ ਵਿੱਚੋਂ ਇੱਕ ਦਾ ਨਾਮ ਹੈ, ਅਤੇ ਇਸ ਲਈ ਉਸ ਨੂੰ ਪ੍ਰਾਰਥਨਾ ਕਰਨ ਲਈ ਮੰਦਰ ਸਥਿਤ ਹੈ। ਹਰਿਦੁਆਰ ਦੇ ਸਾਰੇ ਮੰਦਰਾਂ ਵਿਚੋਂ, ਇੱਥੇ ਸ਼ਰਧਾਲੂਆਂ ਲਈ ਸਭ ਤੋਂ ਵੱਡਾ ਆਕਰਸ਼ਣ ਪਵਿੱਤਰ ਨਦੀ ਵਿਚ ਡੁਬਕੀ ਜਾਂ 'ਡੁਪਕੀ' ਲੈਣਾ ਹੈ, ਜਿਸ ਨੂੰ ਕਿਹਾ ਜਾਂਦਾ ਹੈ ਕਿ ਸ਼ਰਧਾਲੂ ਦੇ ਸਾਰੇ ਪਾਪ ਧੋਤੇ ਜਾਂਦੇ ਹਨ ਅਤੇ ਇਸ ਤਰ੍ਹਾਂ ਉਨ੍ਹਾਂ ਨੂੰ ਮੋਕਸ਼ ਪ੍ਰਾਪਤੀ ਦਾ ਦੂਜਾ ਮੌਕਾ ਮਿਲਦਾ ਹੈ। ਇੱਕ ਹੋਰ ਚੀਜ਼ ਜੋ ਇੱਥੇ ਬਹੁਤ ਮਸ਼ਹੂਰ ਹੈ ਉਹ ਹੈ ਗੰਗਾ ਆਰਤੀ, ਜੋ ਸ਼ਾਮ ਨੂੰ ਹੁੰਦੀ ਹੈ। ਇਹ ਆਮ ਤੌਰ 'ਤੇ ਸ਼ਾਮ 7.30 ਵਜੇ ਦੇ ਆਸਪਾਸ ਵਾਪਰਦਾ ਹੈ, ਅਤੇ ਪਵਿੱਤਰ ਨਦੀ ਨੂੰ ਸ਼ਰਧਾਂਜਲੀ ਦੇਣ ਲਈ ਕਈ ਪੁਜਾਰੀ ਅੱਗ ਦੇ ਗੋਲੇ, ਦੀਵੇ, ਮੰਦਰ ਦੀਆਂ ਘੰਟੀਆਂ ਅਤੇ ਜਾਪਾਂ ਨਾਲ ਇਕੱਠੇ ਹੁੰਦੇ ਹਨ। ਭਾਵੇਂ ਹਰਿਦੁਆਰ ਵਿੱਚ ਬਹੁਤ ਸਾਰੇ ਮੰਦਰ ਹਨ, ਦੁਨੀਆਂ ਭਰ ਤੋਂ ਲੋਕ ਇਸ ਰਸਮ ਨੂੰ ਦੇਖਣ ਲਈ ਆਉਂਦੇ ਹਨ, ਖਾਸ ਕਰਕੇ ਕੁੰਭ ਮੇਲੇ ਦੌਰਾਨ।



ਭਾਵੇਂ ਇਸਨੂੰ ਹਿੰਦੂਆਂ ਦਾ ਪਵਿੱਤਰ ਸ਼ਹਿਰ ਮੰਨਿਆ ਜਾਂਦਾ ਹੈ, ਹਰਿਦੁਆਰ ਦੇ ਮੰਦਰਾਂ ਵਿੱਚ ਇੱਕ ਜੈਨ ਮੰਦਿਰ ਸ਼ਾਮਲ ਹੈ, ਜਿਸਦੀ ਸੁੰਦਰ ਆਰਕੀਟੈਕਚਰ ਅਤੇ ਸ਼ਾਂਤੀਪੂਰਨ ਅਤੇ ਸ਼ਾਂਤ ਮਾਹੌਲ ਸ਼ਰਧਾਲੂਆਂ ਅਤੇ ਸੈਲਾਨੀਆਂ ਦੀ ਭੀੜ ਨੂੰ ਆਕਰਸ਼ਿਤ ਕਰਦਾ ਹੈ। ਇਸ ਮੰਦਰ ਦੀਆਂ ਦੋ ਮੰਜ਼ਿਲਾਂ 'ਤੇ ਦੋ ਵੱਖ-ਵੱਖ ਮੂਰਤੀਆਂ ਹਨ। ਹੇਠਲੀ ਮੰਜ਼ਿਲ 'ਤੇ ਤੀਰਥੰਕਰ ਸ਼੍ਰੀ ਆਦਿਨਾਥ ਭਗਵਾਨ ਦੀ ਚਿੱਟੇ ਸੰਗਮਰਮਰ ਦੀ ਮੂਰਤੀ ਹੈ, ਅਤੇ ਪਹਿਲੀ ਮੰਜ਼ਿਲ 'ਤੇ ਸ਼੍ਰੀ ਚਿੰਤਾਮਣੀ ਪਾਰਸ਼ਵਨਾਥ ਦੀ ਮੂਰਤੀ ਹੈ। ਦੋ ਛੋਟੇ ਮੰਦਰ ਮੁੱਖ ਦੇ ਨਾਲ ਲੱਗਦੇ ਹਨ, ਸ਼੍ਰੀ ਘੰਟਾਕਰਨ ਮਹਾਵੀਰ ਅਤੇ ਸ਼੍ਰੀ ਆਦਿਨਾਥ ਭਗਵਾਨ ਨੂੰ ਸਮਰਪਿਤ। ਇਹ ਮੰਦਰ ਨਾ ਸਿਰਫ ਹਰਿਦੁਆਰ ਦੀ ਬਾਹਰੀ ਸੁੰਦਰਤਾ ਵਿੱਚ ਯੋਗਦਾਨ ਪਾਉਂਦਾ ਹੈ, ਸਗੋਂ ਸਥਾਨਕ ਲੋਕਾਂ ਦੁਆਰਾ ਦਰਸਾਏ ਗਏ ਹਰ ਰੂਪ ਵਿੱਚ ਪਰਮੇਸ਼ੁਰ ਦੀ ਮਹਾਨ ਸਹਿਣਸ਼ੀਲਤਾ ਅਤੇ ਸਵੀਕਾਰਤਾ ਦਾ ਵੀ ਪ੍ਰਮਾਣ ਹੈ।



ਇਹ ਹਰਿਦੁਆਰ ਮੰਦਰ ਆਪਣੀ ਸ਼ਾਨਦਾਰ ਆਰਕੀਟੈਕਚਰ ਲਈ ਜਾਣਿਆ ਜਾਂਦਾ ਹੈ, ਕਿਉਂਕਿ ਇਹ ਸਫੈਦ ਸੰਗਮਰਮਰ ਦੀ ਵਰਤੋਂ ਕਰਕੇ ਬਣਾਇਆ ਗਿਆ ਹੈ, ਜਿਸ ਨਾਲ ਪੂਰੇ ਮੰਦਰ ਵਿੱਚ ਇੱਕ ਸ਼ਾਂਤ ਤੱਤ ਸ਼ਾਮਲ ਹੈ। ਇਹ ਮੰਦਰ ਪ੍ਰਸਿੱਧ ਦੁੱਧਧਾਰੀ ਬਰਫਾਨੀ ਬਾਬਾ ਆਸ਼ਰਮ ਦਾ ਹਿੱਸਾ ਹੈ ਅਤੇ ਭਗਵਾਨ ਰਾਮ, ਭਗਵਾਨ ਹਨੂੰਮਾਨ ਅਤੇ ਦੇਵੀ ਸੀਤਾ ਦੀਆਂ ਮੂਰਤੀਆਂ ਅਤੇ ਮੂਰਤੀਆਂ ਨਾਲ ਸਜਿਆ ਹੋਇਆ ਹੈ।



ਇਹ ਹਰਿਦੁਆਰ ਮੰਦਰ ਪਵਿੱਤਰ ਸ਼ਹਿਰ ਦੇ ਕਨਖਲ ਖੇਤਰ ਵਿੱਚ ਸਥਾਪਿਤ ਹੈ। ਮੰਨਿਆ ਜਾਂਦਾ ਹੈ ਕਿ ਇਹ ਮੰਦਰ ਉਸੇ ਸਥਾਨ 'ਤੇ ਸਥਿਤ ਹੈ ਜਿੱਥੇ ਸਤੀ ਨੇ ਭਗਵਾਨ ਸ਼ਿਵ ਲਈ ਆਪਣੇ ਆਪ ਨੂੰ ਜਲਾਇਆ ਸੀ। ਮੰਦਰ ਬਹੁਤ ਸਾਰੇ ਸੈਲਾਨੀਆਂ ਨੂੰ ਆਕਰਸ਼ਿਤ ਕਰਦਾ ਹੈ ਅਤੇ ਹਰਿਦੁਆਰ ਸ਼ਹਿਰ ਦੇ ਸਭ ਤੋਂ ਮਸ਼ਹੂਰ ਆਕਰਸ਼ਣਾਂ ਵਿੱਚੋਂ ਇੱਕ ਹੈ।



ਇਹ ਮੰਦਰ ਦੇਵੀ ਕਾਲੀ ਦੀ ਸ਼ਰਧਾ ਵਿੱਚ ਬਣਾਇਆ ਗਿਆ ਹੈ ਜੋ ਵਿਨਾਸ਼ ਦੀ ਮਾਂ ਵਜੋਂ ਜਾਣੀ ਜਾਂਦੀ ਸੀ। ਇਹ ਮੰਦਰ ਆਪਣੇ ਸਥਾਨ ਲਈ ਪ੍ਰਸ਼ੰਸਾਯੋਗ ਹੈ ਅਤੇ ਬਹੁਤ ਸਾਰੇ ਸ਼ਰਧਾਲੂ ਸਾਲ ਭਰ ਇਸ ਮੰਦਰ ਦਾ ਦੌਰਾ ਕਰਦੇ ਹਨ। ਤੁਹਾਡੀ ਹਰਿਦੁਆਰ ਯਾਤਰਾ ਦੌਰਾਨ ਇਸ ਮੰਦਰ ਦਾ ਦੌਰਾ ਕਰਨਾ ਜ਼ਰੂਰੀ ਹੈ।